# ਵਤਨੋਂ ਦੂਰ

ਸਤੰਬਰ 1979

**WATNO DUR**
SEP. 79
**P.O.Box 67681 Stn.'O'**
**Vancouver, B.C. V5W 3V2**

ਮੈਨੂੰ ਰਹਿਣ ਦੇ ਪਰਾਏ ਮੇਰੇ ਦੇਸ਼
ਕਰੇ ਫੈਦਕੀ ਨੀ ਇਕ ਪਰਦੇਸ਼।


ਮੈਂ ਤਾਂ ਨਰਕਾਂ ਦੇ ਕੀੜਿਆਂ ਦੇ ਹਾਣਦਾ।
ਮੈਂ ਨੀ ਸੁਰਗਾਂ ਦੇ ਸੁੱਖਾਂ ਨੂੰ ਸਿਆਣਦਾ।
ਮੈਨੂੰ ਰਹਿਣ ਦੇ ਪਰਾਏ ਮੇਰੇ ਦੇਸ਼

ਮੈਨੂੰ ਮੇਰੀ ਮਾਂ ਦੇ ਦਰਜਾ ਪਿਆਰ ਨੀ
ਮਿਲੂ ਕਿਰਤੀਆਂ ਦਲਾਇਤਾਂ ਤੋਂ ਉਧਾਰ ਨੀ
ਮੈਨੂੰ ਰਹਿਣ ਦੇ ਪਰਾਏ ਮੇਰੇ ਦੇਸ਼

ਮੈਨੂੰ ਜੁੜਿਆ "ਕਲੂੰ" ਦੇ ਨਾਲ ਰਹਿਣਦੇ
ਛੇਲ ਕਹਿਣ ਮੈਨੂੰ "ਫੜਾ" ਭਲੇ ਕਹਿਣਦੇ
ਮੈਨੂੰ ਰਹਿਣ ਦੇ ਪਰਾਏ ਮੇਰੇ ਦੇਸ਼

ਮੈਨੂੰ ਪਿਘਿਆ ਕਪਾਹ ਦੇ ਸਾਲੂ ਰਹਿਣ ਦੇ
ਘੱਟ ਮੇਰੀ ਇਕ ਮੁੱਲ ਚੰਦੇ ਚੰਦੇ
ਮੈਨੂੰ ਰਹਿਣ ਦੇ ਪਰਾਏ ਮੇਰੇ ਦੇਸ਼

– ਸੰਤ ਰਾਮ ਉਦਾਸੀ



# Count on me

**BROADEST COVERAGE AVAILABLE THROUGH US. ASK FOR OUR PREMIER RESIDENTIAL POLICY.**

ਹਰ ਕਿਸਮ ਦੇ ਬੀਮੇ ਲਈ ਤੁਹਾਡੇ ਸੁਘੜ ਅਤੇ ਤਜਰਬੇਕਾਰ ਸਲਾਹਿਕਾਰ:-

ਮਲਕੀਤ ਸਿੰਘ ਅਠਵਾਲ



**MALKIAT SINGH ATHWAL**
FIELD MANAGER

## The Premier Residential Policy

The comprehensive insurance package that provides better overall coverage for home and personal property.




**The Continental Insurance Companies**

subsidiaries of The Continental Corporation
18 King Street East, Toronto, Ontario M5C 1C4

*Representing major companies both General & Life.*

* Need Life Insurance
* Accident and Sickness Policy
* Business
* Commercial: Big or Small I Can Handle All
* Homeowner
* R.R.S.P.
* Travel Insurance
* And All Other Kinds of Insurance Needs

**PHONE :-OFFICE :- 278-2515 RES. 271-1490**

**COMPLETE INSURANCE SERVICE SINCE 1917**

## ISLAND INSURANCE AGENCY LTD.

**6700 No. 3 Road Phone 278-2515**
**Richmond, B.C. V6Y 2C3**

# WATNO DUR

P.O. Box 67681
Postal Stn. 'O'
Vancouver, B.C.
V5W 3V2

**VOL. 8, NO. 74 SEP. 79**

2nd Class Mail Reg. No. 3233
ANNUAL SUBSCRIPTION: Canada-U.S.A. $ 7.00
Other SEA $ 7.00
Countries AIR $10.00



EDITORIAL BOARD:
Surinder Dhanjal, 252-6008 (Windsor)
Ajmer Rodey, 438-7793
Amarjit Chahal, 892-3085

MANAGING EDITORS:
Raghbir Mand, 325-9564
Paul Binning, 879-3339

EDITOR:
Sadhu, 437-9014

ADVERTISING EDITOR:
Karamjit Ghuman, 321-6081

CIRCULATION EDITOR:
Sarwan Boal, 437-0849

WATNO DUR REPRESENTATIVES:
Iqbal Ramuwalia, Toronto (741-7538)
Latt Bhinder, Edmonton (436-8279)
Gurcharan Tallewalia, Richmond (271-4742)
K. S. Chaman, Calgary (248-2841)
Gill Avtar, Calgary (279-6510)
Dave Jatana, Prince Rupert 627-7209
Harnek Mann, Pr. George (564-6245)
J. S. Aulakh, Mission (826-4888)
Avtar Rodey, Quesnel (992-7578)
Tej Sandhu, Quesnel (992-6775)

Surinder Kailay
P.O. Box Ramgarh
Distt. Ludkiana — 141113
Punjab, India

Jasbir Bath
19 Summertrees Ave. L4920D
Greasby Merseyside
Liverpool, England

*All officeholders and members of WATNO DUR PUBLICATIONS (Reg'd.) past and present have been and are honorary associates of WATNO DUR.*

ਵਤਨੋਂ ਦੂਰ ਵਿਚ ਛਪੀਆਂ ਰਚਨਾਵਾਂ ਨਾਲ
ਵਤਨੋਂ ਦੂਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ;
ਵਿਚਾਰ ਲੇਖਕਾਂ ਦੇ ਆਪਣੇ ਨਿਜੀ ਹਨ।


## ਇਸ ਅੰਕ ਵਿਚ :-

### ਕਵਿਤਾ:

ਸੰਤ ਰਾਮ ਉਦਾਸੀ, ਜਸਬੀਰ ਕਾਰ,
ਅੰਮ੍ਰਿਤਾ ਸ਼ੈਲਾ, ਰਵੀਪਾਲ

### ਕਹਾਣੀ:

ਅਮਰਜੀਤ ਚਾਹਲ

### ਲੇਖ:

ਪ੍ਰਕੀਸ਼ ਤਸੱਵਰ

### ਰਿਪੋਰਟ:

ਗੁਰਨਾਮ, ਅਜਮੇਰ
ਅਤੇ ਗੁਰਨਾਮ ਗਿੱਲ

### ਇੰਟਰਵਿਊ:

ਸਾਧੂ

# ਇਹ ਕੇਹਾ ਬਨਵਾਸ ਏ

— ਅੰਮ੍ਰਿਤਾ ਸ਼ੈਲਾ / ਜਰਮਨੀ

ਮੌਸਮ ਬਹੁਤ ਸਾਫ਼ ਹੈ ਤੇ ਗਲੀ ਦੀ ਬੇਦਰਦ ਹਵਾ ਬੜੀ ਠੰਢੀ
ਬਨੇਰੇ ਉੱਤੇ ਕੋਈ ਕਾਂ ਨਹੀਂ, ਵਿਹੜੇ ਵਿਚ ਕੋਈ ਚਿੜੀ ਨਹੀਂ
ਅਸਲ ਵਿਚ ਨਾ ਕੋਈ ਬਨੇਰਾ ਹੈ ਤੇ ਨਾ ਕੋਈ ਵਿਹੜਾ
ਮੈਂ ਤਾਂ ਬਰਲਿਨ ਵਰਗੇ ਭਰੇ ਸ਼ਹਿਰ ਦੀ ਇਕ ਮੰਜ਼ਿਲ ਵਿਚ ਫਿਟ ਹਾਂ
ਉਤੇ ਵੀ ਕੁੱਝ ਮੰਜ਼ਿਲਾਂ ਹਨ ਜਿਵੇਂ ਕੁੱਝ ਥੱਲੇ
ਕਮਰੇ ਵਿਚ ਮੈਥੋਂ ਤੇ ਚੁੱਪ ਤੋਂ ਸਿਵਾ ਦੂਸਰਾ ਕੋਈ ਨਹੀਂ
ਚੁੱਪ ਨੇ ਸਵਾਲ ਕੀਤਾ, 'ਤੂੰ ਕੌਣ ਹੈਂ – ਇਥੇ ਕੀ ਕਰ ਰਿਹੈਂ?
ਮੈਥੋਂ ਤਾਂ ਕੋਈ ਉੱਤਰ ਨਹੀਂ ਦਿੱਤਾ ਗਿਆ – ਤਾਂ ਮੈਂ ਨੇ ਕਿਹਾ –
'ਬਰਬਰ ਯਾਦ ਦੇ ਬਾਗ਼ ਦੀਆਂ ਅੱਖੀਆਂ 'ਚ ਵੇਖ'
ਇਸ ਅਹੰਕਾਰ ਜਿਹੀ ਚੁੱਪ ਦੀਆਂ ਵਲਗਣਾਂ 'ਚ ਪਿਘਲਿਆ ਇਹ ਅਸਤਿਤਵ
ਆਖ਼ਰ ਕਿਹੜੇ ਪ੍ਰਾਸਚਿਤ ਲਈ ਘਰੋਂ ਨਿਕਲਿਆ ਹੈ?
ਸ਼ਾਇਦ ਦੁਰਵਾਸ਼ਾ ਰਿਸ਼ੀ ਦਾ ਸਰਾਪ ਹੈ –
ਰਾਜਾ ਦੁਸ਼ਿਅੰਤ ਯਾਦਦਾਸ਼ਤ ਖੋਵੇਗਾ
ਤੇ ਸ਼ਕੁੰਤਲਾ ਨੂੰ 'ਵਿਜੋਗੀ' ਦਾ ਜਾਮਾ ਪਹਿਨਾਉਣਾ ਪਵੇਗਾ
ਪਰ ਮੈਂ ਕੋਈ ਸ਼ਕੁੰਤਲਾ ਤਾਂ ਨਹੀਂ ਕਿ ਸਰਾਪ ਦੀ ਸਜ਼ਾ ਬਖ਼ਸ਼ਾਣ ਲਈ
ਆਪਣੀ ਕੀਮਤ ਕਿਸੇ ਰਿਸ਼ੀ ਨੂੰ ਸੌਗਾਤ ਲਈ ਪੇਸ਼ ਕਰਾਂ.....
ਤਾਂ ਮੈਂ ਨੇ ਕਿਹਾ – 'ਮਾਤਾ ਗੁਜਰੀ ਦੀਆਂ ਅੱਖਾਂ ਵਿਚ ਵੇਖ'
ਕਮਰੇ ਵਿਚ ਮੈਂ ਹਾਂ – ਚੁੱਪ ਹੈ – ਤੇ ਚੁੱਪ ਤੋਂ ਸਿਵਾ ਕੋਈ ਨਹੀਂ
ਮੌਸਮ ਬਹੁਤ ਸਾਫ਼ ਹੈ, ਹਵਾ ਬੜੀ ਬੇਦਰਦ ਹੈ।

ਹਾਂ! ਘਰੋਂ ਚੱਲਿਆ ਸਾਂ
ਤਾਂ ਮਾਂ ਦੀਆਂ ਸ਼ਰਮਸਾਰ ਅੱਖਾਂ ਵਿਚ ਮੇਰਾ ਅਕਸ ਸੀ
ਬਾਪੂ ਦੇ ਹੱਥ ਕੰਬੇ ਸਨ —
ਘਰ ਦੀਆਂ ਤਮਾਮ ਕੰਧਾਂ ਨੇ ਕੋਈ ਸੁਨੇਹਾ ਦਿੱਤਾ ਸੀ
ਖੁਰਲੀ ਉਤੇ ਖੜ੍ਹੇ ਬੁੱਢੇ ਬਲਦ ਨੇ ਡੌਰ ਭੌਰ ਹੋ ਦੇਖਿਆ ਸੀ
ਪਿੱਛੋਂ ਬਾਹਰ ਨਿਕਲਦਿਆਂ ਅੰਦਰ ਕੁੱਝ ਕਸ਼ਟਦਾਇਕ ਪਲਮਿਆ ਸੀ
ਸਮੇਂ ਦੀ ਅਣਕਿਆਸੀ ਚੁੱਪ ਨੇ ਸਵਾਲ ਕੀਤਾ –
ਹੈਂ! ਇਹ ਕਿਹਾ ਬਨਵਾਸ ਹੈ?
ਪਰ ਮੈਂ ਕੋਈ ਰਾਮ ਤਾਂ ਨਹੀਂ ਜਿਸ ਦੇ ਪਿਉ ਨੇ ਵਰ ਦਿੱਤਾ ਹੋਵੇ
ਹਾਂ! ਉਂਜ ਇਹ ਜ਼ਰੂਰ ਏ – ਸੀਤਾ ਗਵਾਣ ਦੀ ਲੋੜ ਤੋਂ ਮਹਿਰੂਮ ਨਹੀਂ
ਦਰੋਪਤੀ ਦੇ ਭਰੇ ਦਰਬਾਰ ਵਿਚ ਨਹੀਂ, ਕਈ ਚੀਰ ਲੱਥੇ ਹਨ
ਲਗਦਾ ਹੈ ਹੁਣ ਫਿਰ ਅਜੂਗਾਂ ਸੁਰਾਹੀਆਂ ਭਰਨ ਦੀ ਰੁੱਤ ਏ
ਸ਼ਾਇਦ ਇਸੇ ਲਈ ਮੈਨੂੰ ਬਨਵਾਸ ਮਿਲਿਆ ਏ
ਇਹੀ ਮੇਰੇ ਬੇਰਹਿਮ ਪਲਾਂ ਦੀ ਦਾਸਤਾਂ ਹੈ
ਘਰ ਸੱਤ ਸਮੁੰਦਰ ਪਾਰ ਏ
ਪਰ ਸਮੁੰਦਰ ਪਾਰ ਜਾਣਾ ਤਾਂ ਵਿਵਰਜਿਤ ਹੁੰਦਾ ਸੀ
ਹਾਂ – ਰਾਮ ਦਾ ਬਨਵਾਸ ਵੀ ਤਾਂ ਉਛਲਦੇ ਪਾਣੀਆਂ ਤੋਂ ਉਰਾਂਹ ਸੀ
ਫਿਰ ਇਹ ਕਿਹਾ ਬਨਵਾਸ ਏ?

ਸਮੇਂ ਦਾ ਮਾਰੂ ਬਿਗਲ ਵੱਜਿਆ ਹੈ
ਰੁਤਾਂ ਬਦਲੀਆਂ ਹਨ – ਕੰਨ ਬੋਲਸ ਹੋਏ ਹਨ....
ਮੌਸਮ ਬਹੁਤ ਸਾਫ਼ ਹੈ – ਬੇਦਰਦ ਹਵਾ ਬਹੁਤ ਠੰਢੀ ਹੈ।
ਕਮਰੇ ਵਿਚ ਮੈਥੋਂ ਤੇ ਚੁੱਪ ਤੋਂ ਸਿਵਾ ਕੋਈ ਨਹੀਂ
ਮਾਂ ਦੀਆਂ ਅੱਖਾਂ ਵਿਚ ਮੇਰਾ ਅਕਸ –
ਬਾਪੂ ਦੇ ਕੰਬਦੇ ਹੱਥ –
ਘਰ ਦੀਆਂ ਤਮਾਮ ਕੰਧਾਂ ਦਾ ਸੁਨੇਹਾ
ਅਠਾਰਾਂ ਸੁਰਾਹੀਆਂ ਦੀ ਰੁੱਤ
ਬਸ ਇਹੀ ਤਾਂ ਹੈ ਜੋ ਰੂਬਰੂ ਹੈ
ਹੁਣ ਮੇਰੇ ਕਮਰੇ ਵਿਚ ਸਾਥੋਂ ਦੋਹਾਂ ਤੋਂ ਸਿਵਾ ਕੋਈ ਨਹੀਂ।

○

ਹਰੀਪਾਲ ...

## ਕੁਕਨੂਸ

ਇਹ ਮਾਸੂਮ ਜ਼ਿੰਦ-
ਗੀ ਦਰਦ ਦੀ ਸਤਾਈ
ਸੁੱਚ ਕਦੀਮੋਂ,
ਹੋਸ਼ ਤੋਂ ਪੈ ਕੇ-
ਬਚਪਨ ਦੇ
ਦੌਰ ਤੋਂ ਪੈ ਕੇ-
ਜਵਾਨੀ ਦੀ ਦੁਪਹਿਰ ਤੱਕ-
ਪੌਰ,
ਰੇਤ ਵਿਚ ਭੁਜਦੇ ਰਹੇ-
ਤੇ ਅਸੀਂ,
ਲੂ ਵਿਚ ਸੁਕਦੇ ਪਏ!
ਤੇ ਹੁਣ
ਅੱਗ ਦੀ ਰੁੱਤੇ-
ਜਦ ਜਾਗਦੇ
ਜਜ਼ਬਾਤ ਨੇ ਸੁੱਤੇ-
ਤਾਂ ਪਿਆਸ ਹੋਰ
ਭੜਕਦੀ ਹੈ-
ਤੇ ਸੂਰਜ ਦੀ ਅੱਗ,
ਆਪ
ਝੁਲਸਦੀ ਹੈ!
ਜਦ ਬਚਪਨ ਦੀ ਰੁੱਤ 'ਚ
ਮਿਲੀ ਕੁੜੀ,
ਯਾਦ ਆਉਂਦੀ ਹੈ-
ਤਾਂ ਮੇਰੀ ਰੂਹ
ਵਿਚ ਫੁਹਾਰ ਵਰ੍ਹਦੀ ਹੈ-
ਤੜਪਦਾ ਜੋਬਨ,
ਹਰ ਅੱਗ ਲੱਭਦਾ ਹੈ,
ਜਿਸ 'ਚ ਬਚਪਨ ਦਾ
ਕੁਕਨੂਸ ਮੁੜ ਜਾਗੇਗਾ!
ਤੇ ਸੰਗਮ ਸਾਥੋਂ
ਦੂਰ ਹੋਵੇਗਾ।

ਜਸਬੀਰ ਬਾਠ
(ਲਿਵਰਪੂਲ)

## ਇਕ + ਇਕ = ਇਕ

ਮੇਰੀ ਮਹਿਬੂਬ ਦੇ ਛੱਲੇ ਤੋਂ ਲੈ ਕੇ ਨਿਕਸਨ ਦੀ ਮੁੰਦਰੀ ਤੱਕ,
ਧਾਤੂ ਦਾ ਸਫ਼ਰ ਇਕ ਹੈ!
ਪਰ ਬੜਾ ਅੰਤਰ ਹੈ ਦੋਹਾਂ ਦੇ ਨਗਾਂ ਦੀ ਚੋਣ ਵਿਚ—
ਮੁੰਦਰੀ ਵਿਚ ਜੜੀ ਹੈ ਹੀਰੇ 'ਕੈਸਰ' ਦੀ ਅੱਖ,
ਤੇ ਛੱਲੇ 'ਚ ਇਸੇ ਅੱਖ ਦਾ ਮੁਸਕਰਾਉਂਦਾ ਹੋਇਆ ਅੱਥਰੂ!
ਗਾਰੀ ਹਾਲ ਦੀਆਂ ਕੰਧਾਂ ਤੋਂ ਲੈ ਕੇ ਲੈਨਿਨਗ੍ਰਾਦ ਤੱਕ
ਮਿੱਟੀ ਦਾ ਸਫ਼ਰ ਇਕ ਹੈ!
ਪਰ ਬੜਾ ਅੰਤਰ ਹੈ ਦੋਹਾਂ 'ਚ ਡੁੱਲ੍ਹੇ ਖ਼ੂਨ ਦਾ—
ਇਕ ਖ਼ੂਨ ਮੇਰੀ ਕੌਮ ਨਜ਼ਮਾਂ ਦਾ ਹੈ,
ਇਕ ਖ਼ੂਨ ਹਿਟਲਰ ਦੇ ਕਦਮਾਂ ਦਾ ਹੈ।
ਤੱਤੇ ਲੋਹੇ ਤੋਂ ਲੈ ਕੇ ਤੱਤੇ ਲਹੂ ਦੀ ਸ਼ਾਇਰੀ ਤੱਕ
ਸ਼ਾਇਰੀ ਦਾ ਸਫ਼ਰ ਇਕ ਹੈ!
ਪਰ ਬੜਾ ਅੰਤਰ ਹੈ ਦੋਹਾਂ ਦੇ ਅਰਥਾਂ ਦੇ ਸਿਰੜ ਦਾ—
ਇਕ ਸ਼ਾਇਰੀ ਹੱਸਦੀ ਸਾੜ੍ਹੀ-ਹੀਨ ਲੇਟੀ ਹੋਈ ਬਰਫ਼ ਤੇ,
ਇਕ ਸ਼ਾਇਰੀ ਅਚਕਨ 'ਚ ਤੁਰਦੀ ਹੈ ਹੀਟਰ ਫ਼ਰਸ਼ ਤੇ।
ਹੁਣ ਤੁਸੀਂ ਦੱਸੋ ਜੋ ਪਹਿਨ ਸਕਦੇ
ਪਹਿਨ ਸਕਦੇ ਹੋ ਅੱਖ ਦੇ ਨਗ ਵਾਲੀ ਮੁੰਦਰੀ?
ਜਰ ਸਕਦੇ ਹੋ ਪਤੀ-ਹੀਨ ਗਰਭਵਤੀ ਸੁੰਦਰੀ?
ਸਹਿ ਲੋਗੇ ਕਵਿਤਾ ਦਾ ਨੀਲਾ ਬਦਨ
ਹੈ ਜੋ ਬਰਫ਼ ਤੇ ਲੇਟੀ ਬਿਲਕੁਲ ਨਗਨ?
ਜੇ ਤੁਹਾਡਾ ਉੱਤਰ ਨਾਂਹਵਾਚਕ ਹੈ,
ਤਾਂ ਧਰਮ ਦੇ ਮੱਥੇ ਤੇ ਕੋਈ ਕਿਵੇਂ ਕਹਿ ਸਕਦਾ ਹੈ—
'ਪਿਆਰ ਆਪਣਾ ਹੈ ਪਸੰਦ ਆਪਣੀ ਹੈ,
ਦਿਲ ਆਪਣਾ ਹੈ ਤਰੰਗ ਆਪਣੀ ਹੈ!
ਜਦੋਂ ਕਿ ਮੈਂ ਹੁਣੇ ਸਿੱਧ ਕਰ ਚੁੱਕਾ ਹਾਂ—
ਪਿਆਰ ਇਕ ਹੈ, ਪਸੰਦ ਇਕ ਹੈ!
ਰੰਗ ਇਕ ਹੈ, ਸੁਗੰਧ ਇਕ ਹੈ!
ਵੈਸੇ ਕੁਝ ਲੋਕ ਕਲਰ-ਬਲਾਈਂਡ ਹੋ ਸਕਦੇ ਹਨ
ਕੀਰ ਹੋ ਜਾਣਗੇ—
ਛੱਲਿਆਂ 'ਚ ਸੱਜ ਜਾਣ ਤੋਂ ਬਾਅਦ!
ਸੂਰਜ ਦੇ ਤੀਰ ਖਾਣ ਤੋਂ ਬਾਅਦ!


ਭਾਰਤੀ ਆਰਟ ਜਿਊਲਰਜ਼
ORIENTAL SILVER AND GOLD JEWELRY REPAIRING



BHARTI ART JEWELLERS
*Specialist in East Indian Jewelry Craftware*

RASIK PAREKH
Res.: 879-5610
Store: 874-9448

865 Kingsway nr. Fraser
Vancouver B.C., Canada

We Also Take Orders For
Marriage Party Photos and Group Photos
Contact Raj



If you are looking for
*Quality
* Quality
* Price
* After sale service when
buying your car contact
Kuldip S. Jhand



ਕਿਸੇ ਪਰਕਾਰ ਦੀ ਕਾਰ ਖ਼ੀਦਣੀ ਜਾਂ
ਟਰੇਡ ਕਰਨੀ ਹੋਵੇ ਤਾਂ ਖ਼ੀਦਣ
ਤੋਂ ਪਹਿਲਾਂ
ਕੁਲਦੀਪ ਝੰਡ
ਨੂੰ ਮਿਲੋ ਜਾਂ ਫੂਨ ਕਰੋ




Office
521-7731
Res. 524-4137

WESTMINSTER
CHEVROLET-
OLDSMOBILE
12 th Ave. at Queens Ave
New West Minster



SHAKTI
GIFT

6576 MAIN STREET,
VANCOUVER, B.C.



Where you can get
all types of
Real and
Artificial
Jewellery and
all types of
oriental designs
can be made!

SALE AND
REPAIRS
OF
WATCHES

Res. 327-8259
Bus. 321-6214

SPECIALIST IN EAST INDIAN JEWELLERY
GIFTWARE & REPAIRS

ਹਰ ਤਰ੍ਹਾਂ ਦੇ ਗਹਿਣੇ ਬਣਵਾਉਣ ਲਈ
ਸ਼ਕਤੀ ਦੁਕਾਨ ਤੇ ਆਓ।

# ਪੰਜਾਬ ਦੇ ਲੋਕਾਂ ਉੱਪਰ ਅੰਨ੍ਹਾ ਤਸ਼ੱਦਦ



– ਪ੍ਰਿਥੀਪਾਲ ਸਿੰਘ ਰੰਧਾਵਾ

(ਪੰਜਾਬ ਸਟੂਡੈਂਟਸ ਯੂਨੀਅਨ ਦੇ ਆਗੂ ਪ੍ਰਿਥਵੀਪਾਲ ਸਿੰਘ ਰੰਧਾਵਾ ਨੂੰ ਅਣ-ਮਨੁੱਖੀ ਤਸੀਹਿਆਂ ਨਾਲ 18 ਜੁਲਾਈ ਦੀ ਰਾਤ ਨੂੰ ਕਤਲ ਕਰ ਦਿੱਤਾ ਗਿਆ। ਅਕਾਲੀ ਲੀਡਰਾਂ ਦੀ ਸ਼ਹਿ ਤੇ ਹੋਇਆ ਇਹ ਸਿਆਸੀ ਕਤਲ ਸਰਕਾਰ ਦੇ ਪਿਛਲੇ ਰੋਲ ਨੂੰ ਹੋਰ ਵੀ ਨੰਗਾ ਕਰਦਾ ਹੈ। ਕਤਲ ਤੋਂ ਬਾਅਦ ਇਨਸਾਫ਼ ਮੰਗ ਰਹੇ ਲੋਕਾਂ ਉਪਰ ਅੰਨ੍ਹਾ ਤਸ਼ੱਦਦ ਸਰਕਾਰ ਦੇ ਲੋਕ-ਵਿਰੋਧੀ ਖਾਸੇ ਬਾਰੇ ਕਿਸੇ ਦੀ ਮਨ ਅੰਦਰ ਕੋਈ ਸ਼ੱਕ ਨਹੀਂ ਰਹਿਣ ਦਿੰਦਾ। ਅਸੀਂ ਸਰਕਾਰ ਦੇ ਇਸ ਵਹਿਸ਼ੀਪੁਣੇ ਦੀ ਕਰੜੀ ਨਿੰਦਿਆ ਕਰਦੇ ਹਾਂ। ਲੋਕਾਂ ਨਾਲ ਧਕੇਆਂ ਵਾਲਾ ਵਰਤਾ ਕਰਨ ਤੇ ਕਰਾਉਣ ਵਾਲੇ ਕਾਤਲਾਂ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਲੋਕ ਹੁਣ ਜਾਗ ਰਹੇ ਹਨ ਤੇ ਉਹਨਾਂ ਦੇ ਹਰ ਧੱਕੇ ਵਾਰ ਦਾ ਜਵਾਬ ਦੇਣਗੇ ਤੇ ਸ਼ਹੀਦ ਪ੍ਰਿਥੀ-ਪਾਲ ਸਿੰਘ ਰੰਧਾਵਾ ਦੇ ਅਸਲੀ ਕਾਤਲਾਂ ਨੂੰ ਉਹਨਾਂ ਦੇ ਜੁਰਮ ਦੀ ਸਜ਼ਾ ਜ਼ਰੂਰ ਦੇਣਗੇ।)

– ਸੰਪਾਦਕ

ਉੱਘੇ ਵਿਦਿਆਰਥੀ ਨੇਤਾ ਤੇ ਪੰਜਾਬ ਦੀ ਇਨਕਲਾਬੀ ਜਮਹੂਰੀ ਲਹਿਰ ਦੇ ਹੋਣਹਾਰ ਪ੍ਰਤੀਕ ਪ੍ਰਿਥੀਪਾਲ ਸਿੰਘ ਰੰਧਾਵਾ ਦੇ ਹੋਏ ਵਹਿਸ਼ੀ ਕਤਲ ਨੇ ਪੰਜਾਬ ਭਰ ਦੇ ਵਿਦਿਆਰਥੀਆਂ, ਨੌਜਵਾਨਾਂ, ਮੁਲਾਜ਼ਮਾਂ, ਬੁੱਧੀਜੀਵੀਆਂ ਤੇ ਇਨਸਾਫ ਪਸੰਦ ਵਿਅਕਤੀਆਂ ਦੇ ਮਨਾਂ ਤੇ ਡੂੰਘਾ ਸੱਲ ਪਾ ਦਿੱਤਾ ਹੈ। ਪੰਜਾਬ ਦੇ ਸਾਰੇ ਖੂੰਜਿਆਂ ਤੇ ਹਰ ਤਬਕੇ 'ਚੋਂ ਅਤੇ ਬਾਹਰਲੇ ਸੂਬਿਆਂ 'ਚੋਂ ਵੀ ਬਹੁਤ ਸਾਰੇ ਥਾਂਵਾ ਤੋਂ ਸਿਆਸੀ ਸਾਜ਼ਸ਼ ਅਧੀਨ ਕੀਤੇ ਗਏ ਇਸ ਕਤਲ ਦੀ ਜ਼ੋਰਦਾਰ ਨਿਖੇਧੀ ਹੋ ਰਹੀ ਹੈ ਤੇ ਅਸਲੀ ਕਾਤਲਾਂ ਨੂੰ ਫੜਕੇ ਸਜ਼ਾਵਾਂ ਦੁਆਉਣ ਦੀ ਮੰਗ ਜ਼ੋਰ ਫੜਦੀ ਜਾ ਰਹੀ ਹੈ। ਸ਼ਹੀਦ ਹੋਏ ਇਸ ਉੱਘੇ ਆਗੂ ਨੂੰ ਲੁਧਿਆਣਾ ਸ਼ਹਿਰ ਦੀ ਸੰਘਣੀ ਅਬਦੀ 'ਚੋਂ ਗੁੰਡਿਆਂ ਵੱਲੋਂ ਚੁੱਕ ਕੇ ਲਿਜਾ ਕੇ ਸ਼ਹਿਰ ਦੇ ਨੇੜੇ ਹੀ ਕਤਲ ਕਰ ਦੇਣ ਦੀ ਖੁੱਲ੍ਹ ਦੇਣ ਅਤੇ ਅਸਲੀ ਕਾਤਲਾਂ ਨੂੰ ਗ੍ਰਿਫਤਾਰ ਕਰਨ ਲਈ ਕੋਈ ਵੀ ਅਸਰਦਾਰ ਹਰਕਤ ਕਰਨ ਦੀ ਬਜਾਏ ਉਨ੍ਹਾਂ ਨੂੰ ਬਚਾਉਣ ਦੀਆਂ ਕੋਸ਼ਸ਼ਾਂ ਕਰਨ ਵਾਲੇ ਪੁਲਸ ਅਧਿਕਾਰੀਆਂ ਤੇ ਅਕਾਲੀ ਹੁਕਮਰਾਨਾਂ ਨੇ, ਇਸ ਕਤਲ ਦੇ ਖਿਲਾਫ ਉਠੇ ਨੌਜਵਾਨਾਂ ਤੇ ਵਿਦਿਆਰਥੀਆਂ ਦੀ ਇਸ ਰੋਸ ਲਹਿਰ ਨੂੰ ਕੁਚਲ ਦੇਣ ਲਈ ਵੱਡੇ ਪੈਮਾਨੇ ਤੇ ਜਾਬਰ ਮਸ਼ੀਨਰੀ ਝੋਕ ਦਿੱਤੀ ਹੈ। ਪ੍ਰਮੁੱਖ ਵਿਦਿਅਕ ਕੇਂਦਰਾਂ ਤੇ ਨੌਜਵਾਨ ਭਾਰਤ ਸਭਾ ਦੇ ਅਸਰ ਵਾਲੇ ਪੇਂਡੂ ਇਲਾਕਿਆਂ ਨੂੰ ਪੀ. ਏ. ਪੀ. ਦੀਆਂ ਪੁਲਸ ਛਾਉਣੀਆਂ 'ਚ ਬਦਲ ਦਿੱਤਾ ਗਿਆ ਹੈ। ਹੱਥਕੜੀਆਂ ਕਾਤਲਾਂ ਨੂੰ ਨਹੀਂ ਸਗੋਂ ਕਤਲ ਵਿਰੁੱਧ ਅਵਾਜ਼ ਉਠਾਉਣ ਵਾਲਿਆਂ ਦੇ, ਜੇਲ੍ਹਾਂ 'ਚ ਕਾਤਲ ਨਹੀਂ ਸਗੋਂ ਇਸ ਘੋਰ ਅਨਰਥ ਵਿਰੁੱਧ ਜ਼ਬਾਨ ਖੋਲ੍ਹਣ ਵਾਲੇ ਬੰਦ ਕੀਤੇ ਜਾ ਰਹੇ ਹਨ। ਇਕ ਪਾਸੇ ਜਦੋਂ ਕਾਤਲਾਂ ਨੂੰ ਤੱਤੀ ਵਾਅ ਦੀ ਨਹੀਂ ਲੱਗਣ ਦਿੱਤੀ ਗਈ। (ਪੁਲਿਸ ਵਲੋਂ ਗ੍ਰਿਫਤਾਰ ਕੀਤੇ ਗਏ ਕਥਿਤ ਦੋ ਕਾਤਲ ਵੀ ਪੁਲਸ ਦੇ ਉੱਚ ਅਫਸਰਾਂ ਤੇ ਸਿਆਸੀ ਵਿਅਕਤੀਆਂ ਰਾਹੀਂ ਪੇਸ਼ ਹੋਏ ਹਨ ਤੇ ਉਨ੍ਹਾਂ ਨੂੰ ਬਿਨਾਂ ਪੁਲਿਸ ਰਿਮਾਂਡ ਤੋਂ ਹੀ ਆਰਾਮ ਕਰਾਉਣ ਲਈ ਜੇਲ੍ਹ ਭੇਜ ਦਿੱਤਾ ਗਿਆ ਹੈ।) ਦੂਜੇ ਪਾਸੇ ਗ੍ਰਿਫਤਾਰ ਕੀਤੇ ਨੌਜਵਾਨਾਂ, ਵਿਦਿਆਰਥੀਆਂ ਉਨ੍ਹਾਂ ਦੇ ਮਾਪਿਆਂ ਅਤੇ ਧੀਆਂ ਭੈਣਾਂ ਨੂੰ ਪਿੰਡਾਂ ਦੀਆਂ ਸੱਥਾਂ, ਥਾਣਿਆ ਤੇ ਬੁੱਚੜ ਖਾਨਿਆਂ 'ਚ ਕੋਹਿਆ ਜਾ ਰਿਹਾ ਹੈ। ਗ੍ਰਿਫਤਾਰੀ ਤੋਂ ਬਚ ਨਿਕਲਣ ਵਾਲੇ ਨੌਜਵਾਨਾਂ ਤੇ ਵਿਦਿਆਰਥੀਆਂ ਦੇ ਘਰਾਂ ਦਾ ਸਮਾਨ ਲੁੱਟਿਆ ਜਾ ਰਿਹਾ ਅਤੇ ਲੱਖਾਂ ਰੁਪਿਆਂ ਦੀਆਂ ਖੜ੍ਹੀਆਂ ਫਸਲਾਂ ਨੂੰ ਤਬਾਹ ਕੀਤਾ ਜਾ ਰਿਹਾ ਹੈ। ਇਨਕਲਾਬੀ ਜਮਹੂਰੀ ਲਹਿਰ ਦੇ ਇਸ ਹੋਣਹਾਰ ਆਗੂ ਦੇ ਕਤਲ ਵਿਰੁੱਧ ਉੱਠੀ ਹੱਕੀ ਅਵਾਜ਼ ਨੂੰ ਬੰਦ ਕਰਨ ਦੇ ਮਨਸ਼ੇ ਨਾਲ ਝੋਕੀ ਜਾਬਰ ਹਕੂਮਤੀ ਮਸ਼ੀਨਰੀ ਤੋਂ ਜਿਥੇ ਹੁਕਮਰਾਨ ਅਕਾਲੀ ਪਾਰਟੀ ਤੇ ਪੁਲਸ ਅਫਸਰਸ਼ਾਹੀ ਦੀ ਕਤਲ 'ਚ ਭਾਈਵਾਲੀ ਤੇ ਗੁੰਡਿਆ ਪ੍ਰਤੀ ਉਨ੍ਹਾਂ ਦਾ ਹੇਜ ਸਪੱਸ਼ਟ ਜ਼ਾਹਰ ਹੁੰਦਾ ਹੈ, ਉਥੇ ਪੁਲਸ, ਕਚਹਿਰੀਆਂ, ਕਾਨੂੰਨ, ਜੇਲ੍ਹਾਂ ਤੇ ਸਰਕਾਰੀ ਮਸ਼ੀਨਰੀ ਦਾ ਲੋਕ-ਦੁਸ਼ਮਣ ਖਾਸਾ ਵੀ ਨੰਗਾ ਹੋ ਜਾਂਦਾ ਹੈ। ਹੇਠਾਂ ਲੋਕਾਂ 'ਤੇ ਹੋਏ ਵਹਿਸ਼ੀ ਅਤਿਆਚਾਰਾਂ ਬਾਰੇ ਹਕੀਕਤਾਂ ਮੂੰਹੋਂ ਬੋਲਦੀਆਂ ਹਨ ਕਿ ਮੌਜੂਦਾ ਹਕੂਮਤੀ ਮਸ਼ੀਨਰੀ ਲੋਕਾਂ ਦੀ ਰਾਖੀ ਲਈ ਨਹੀਂ ਸਗੋਂ ਲੁਟੇਰੇ ਧਨਾਢਾਂ, ਲੋਕ-ਦੋਖੀ ਸਿਆਸਤਦਾਨਾਂ, ਉੱਚ ਅਫਸਰਾਂ ਤੇ ਉਨ੍ਹਾਂ ਦੇ ਪਾਲਤੂ ਗੁੰਡਿਆਂ ਦੀ ਰਾਖੀ ਅਤੇ ਲੋਕਾਂ ਨੂੰ ਦਬਾ ਕੇ ਰੱਖਣ ਲਈ ਹੀ ਕਾਇਮ ਕੀਤੀ ਗਈ ਹੈ।

# ਪੁਲਸਾਂ ਤੇ ਪੀ.ਏ. ਪੀ. ਦਾ ਪਿੰਡਾਂ ਤੇ ਧਾਵਾ ਵੱਡੀ ਪੱਧਰ ’ਤੇ ਮਾਰਧਾੜ ਤੇ ਉਜਾੜਾ

ਪੰਜਾਬ ਦੇ ਪੁਲਸ ਕਰਮਚਾਰੀਆਂ ਦੇ ਹੱਕੀ ਘੋਲ ’ਚ ਪੰ: ਸਟੂ: ਯੂ: ਤੇ ਨੌਜਵਾਨ ਭਾਰਤ ਸਭਾ ਵਲੋਂ ਖੁੱਲ੍ਹੇ ਆਮ ਡੱਟਵੀਂ ਹਮਾਇਤ ਕਰਨ ਕਰਕੇ ਪੁਲਸ ਦੇ ਸਿਪਾਹੀਆਂ ਦੀਆਂ ਵਫਾਦਾਰੀ ਤੇ ਹੋਈ ਸਰਕਾਰ ਨੂੰ ਬੇਭਰੋਸਗੀ ਕਰਕੇ- ਉਂਝ ਸਾਰੇ ਪੰਜਾਬ ’ਚ ਹੀ ਵੱਡੀ ਗਿਣਤੀ ’ਚ ਪੀ. ਏ. ਪੀ. ਦੀਆਂ ਧਾੜਾਂ ਢੋਅ ਦਿੱਤੀਆਂ, ਪਰ ਪੰਜਾਬ ਸਟੂਡੈਂਟਸ ਯੂਨੀਅਨ ਦੇ ਅਸਰ ਵਾਲੇ ਵਿਦਿਅਕ ਕੇਂਦਰਾਂ ਬਠਿੰਡਾ, ਫਰੀਦ-ਕੋਟ ਤੇ ਸੰਗਰੂਰ ਜ਼ਿਲ੍ਹਿਆਂ ’ਚ ਅਤੇ ਨੌਜਵਾਨ ਭਾਰਤ ਸਭਾ ਦੇ ਅਸਰ ਵਾਲੇ ਇਲਾਕਿਆਂ ’ਚ ਤਾਂ ਪੀ. ਏ. ਪੀ. ਇਸ ਤਰ੍ਹਾਂ ਝੋਕੀ ਗਈ ਕਿ ਇਉਂ ਲੱਗਦਾ ਸੀ ਜਿਵੇਂ ਕਿਸੇ ਬਿਦੇਸ਼ੀ ਧਾੜਵੀਆਂ ਨੇ ਕਬਜ਼ਾ ਕਰਨ ਲਈ ਹਮਲਾ ਕੀਤਾ ਹੋਵੇ। ਜਿਉਂ ਹੀ ਸ਼ਹਿਰਾਂ ਤੇ ਕਸ਼ਬਿਆਂ ’ਚ ਪੀ: ਐਸ. ਯੂ. ਤੇ ਨੌ: ਭਾ: ਸਭਾ ਵਲੋਂ ਸ਼ਹੀਦ ਰੰਧਾਵਾ ਦੇ ਕਤਲ ਵਿਰੋਧੀ ਰੋਸ ਮੁਜ਼ਾਹਰੇ ਹੋਏ ਤਾਂ ਇਕ ਦਮ ਸਾਰੀ ਸਰਕਾਰੀ ਮਸ਼ੀਨਰੀ ਇਸ ਹੱਕੀ ਅਵਾਜ਼ ਨੂੰ ਕੁੱਚਲਣ ਲਈ ਹਰਕਤ ’ਚ ਆ ਗਈ। ਬਠਿੰਡਾ, ਬਰਨਾਲਾ. ਰਾਮਪੁਰਾ ਤੇ ਜੈਤੋ ਇਲਾਕੇ ਨੂੰ ਨਿਸ਼ਾਨਾ ਬਣਾ ਕੇ ਪਿੰਡਾਂ ਤੇ ਧਾਵੇ ਬੋਲੇ ਗਏ। ਇਹਨਾਂ ਇਲਾਕਿਆਂ ਦੇ 50 ਤੋਂ ਵੱਧ ਪਿੰਡ ਪੁਲਸ ਕਰੋਪੀ ਦਾ ਸ਼ਿਕਾਰ ਬਣੇ। 300 ਦੇ ਲਗਭਗ ਨੌਜਵਾਨਾਂ, ਵਿਦਿਆਰਥੀਆਂ ਉਨ੍ਹਾਂ ਦੇ ਮਾਪਿਆਂ ਤੇ ਹੋਰ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹਿਰਾਸਤ ’ਚ ਰਖਿਆ ਗਿਆ ਜਾਂ ਕੁੱਟ ਮਾਰ ਕੀਤੀ ਗਈ ਜਿਨ੍ਹਾਂ ’ਚ 19 ਇਸਤਰੀਆਂ ਹਿਰਾਸਤ ’ਚ ਰੱਖੀਆਂ ਗਈਆਂ ਤੇ ਉਨ੍ਹਾਂ ਤੇ ਤਸ਼ੱਦਦ ਕੀਤਾ ਗਿਆ। 50 ਦੇ ਲਗਭਗ ਨੌਜਵਾਨਾਂ ਤੇ ਵਿਦਿਆਰ-ਥੀਆਂ ਦੀ ਪੁਲਸ ਭਾਲ ਕਰ ਰਹੀ ਹੈ ਤੇ ਦਰਜਨ ਪੇਂਡੂ ਅਜਿਹੇ ਹਨ ਜਿਹੜੇ ਪੁਲਸ ਕਰੋਪੀ ਦਾ ਸ਼ਿਕਾਰ ਹੋਣ ਤੋਂ ਬਚਣ ਲਈ ਆਪਣੇ ਘਰਾਂ ਤੋਂ ਟਲ ਗਏ ਹਨ। ਮੋਗੇ, ਲੁਧਿਆਣਾ ਤੇ ਮਲੇਰਕੋਟਲਾ ’ਚ 100 ਦੇ ਲਗਭਗ ਗ੍ਰਿਫਤਾਰ ਕੀਤੇ ਨੌਜਵਾਨ, ਵਿਦਿਆਰਥੀ ਇਸ ਤੋਂ ਵੱਖਰੇ ਹਨ। ਉਪਰੋਕਤ ਸਾਰੇ ਗ੍ਰਿਫਤਾਰ ਕੀਤਿਆਂ ’ਚ ਦਰਜਨ ਦੇ ਕਰੀਬ ਅਧਿਆਪਕ ਤੇ ਮੁਲਾਜ਼ਮ ਫੜੇ ਗਏ ਹਨ ਜਿਨ੍ਹਾਂ ’ਚ ਤਿੰਨ ਬੇਰੁਜ਼ਗਾਰ ਅਧਿਆਪਕਾਵਾਂ ਵੀ ਸ਼ਾਮਲ ਹਨ।

ਪੇਂਡੂ ਇਲਾਕਿਆਂ ’ਚ ਬਠਿੰਡੇ ਜ਼ਿਲ੍ਹੇ ਦੇ ਚਾਰ ਪਿੰਡਾਂ ’ਚ ਪੁਲਸ ਅਫਸਰਾਂ ਤੇ ਪੀ.ਏ.ਪੀ. ਵਲੋਂ ਮਚਾਈ ਤਬਾਹੀ ਤੇ ਕੀਤੇ ਅਤਿਆਚਾਰ ਵਿਸ਼ੇਸ਼ ਤੌਰ ’ਤੇ ਵਰਨਣ-ਯੋਗ ਹਨ।

ਪਿੰਡ ਸਿਧਾਣਾ (ਇਲਾਕਾ ਰਾਮਪੁਰਾ) 24 ਜੁਲਾਈ ਨੂੰ ਨੌਜਵਾਨਾਂ ਤੇ ਵਿਦਿਆਰਥੀਆਂ ਦੇ ਹੋਏ ਰੋਸ ਮੁਜ਼ਾਹਰੇ ਤੋਂ ਬਾਦ ਅਖੌਤੀ ਹਿੰਸਕ ਘਟਨਾਵਾਂ ਦੀ ਆੜ ਹੇਠ ਇਲਾਕੇ ਭਰ ’ਚ ਚਲਾਏ ਦਮਨ ਚੱਕਰ ਦੇ ਅੰਗ ਵਲੋਂ ਉਸੇ ਦਿਨ ਹੀ ਪਿੰਡਾਂ ’ਚ ਸਭਾ ਦੇ 10 ਵਰਕਰਾਂ ਦੇ ਘਰੇ ਇਕੋ ਰਾਤ ’ਚ ਛਾਪੇ ਮਾਰੇ ਗਏ। 4-5 ਬਜ਼ੁਰਗ ਮਾਪਿਆਂ ਨੌਜਵਾਨ ਆਗੂ ਭੋਲਾ ਸਿੰਘ ਸਿਧਾਣਾ ਦੀ ਬਿਰਧ ਮਾਂ ਤੇ ਇਕ 80 ਸਾਲਾ ਤਾਏ ਨੂੰ ਹਿਰਾਸਤ ’ਚ ਲੈ ਲਿਆ ਗਿਆ। ਉਸ ਦਿਨ ਪਿੰਡ ਦੇ ਲੋਕਾਂ ਨੇ ਭੋਲਾ ਸਿੰਘ ਦੀ ਮਾਂ ਨੂੰ ਛੁੜਾ ਲਿਆ ਪਰ ਦੂਜੇ ਦਿਨ ਫਿਰ ਬਿਮਾਰੀ ਦੀ ਹਾਲਤ ’ਚ ਉਸਨੂੰ ਪੁਲਸ ਠਾਣੇ ਲੈ ਗਈ। ਸਭਾ ਦੇ 15-16 ਵਰਕਰਾਂ ਨੂੰ ਵਰੰਟਡ ਕਰਾਰ ਦੇ ਕੇ 1 ਅਗਸਤ ਤੱਕ ਲੱਗਭੱਗ ਰੋਜ਼ਾਨਾ ਭਾਰੀ ਪੁਲਸ ਫੋਰਸ ਨਾਲ ਛਾਪੇ ਮਾਰੇ ਜਾਂਦੇ ਰਹੇ। ਮੁਜ਼ਾਹਰੇ ਤੇ ਟਰੈਕਟਰ ਲੈ ਕੇ ਜਾਣ ਵਾਲੇ ਇਕ ਵਿਅਕਤੀ ਮਹਿੰਦਰ ਸਿੰਘ ਨੂੰ ਫੜਕੇ ਕੁਟਾਪਾ ਕੀਤਾ ਤੇ ਉਸਤੋਂ ਤੇਲ ਪੁਆਕੇ ਜ਼ਬਰੀ ਉਸਦਾ ਟਰੈਕਟਰ ਵਾਹੁੰਦੇ ਰਹੇ। ਸਭਾ ਦੇ ਆਗੂ ਉਜਾਗਰ ਸਿੰਘ (ਭੋਲਾ ਸਿੰਘ ਦਾ ਚਚੇਰਾ ਭਰਾ) ਦਾ $2\frac{1}{2}$ ਕਿਲੇ ਨਰਮਾ ਉਜਾੜ ਦਿੱਤਾ ਗਿਆ, ਉਨ੍ਹਾਂ ਦੇ ਘਰ ਦੇ ਸਾਰੇ ਮਾਲ ਡੰਗਰ (ਜੋ ਕਿ ਲੱਗਭੱਗ 25-30 ਸਨ) ਰੱਸੇ ਖੋਲ੍ਹ ਦੇ ਖੇਤਾਂ ਨੂੰ ਹਕ ਦਿੱਤੇ। ਦੋ ਦਿਨਾਂ ਬਾਦ ਡੀ. ਐਸ. ਪੀ. ਨੇ ਪਿੰਡ ਦੇ ਸਾਰੇ ਲਸੰਸੀਆਂ ਨੂੰ ਰੂਲ ਇਕੱਠੇ ਕੀਤਾ ਤੇ ਹੁਕਮ ਦਿੱਤਾ ਕਿ ਗ੍ਰਿਫਤਾਰੀ ਤੋਂ ਬਚਣ ਤੇ ਐਜੀਟੇਸ਼ਨ ਕਰ ਰਹੇ ਨੌਜਵਾਨਾਂ ਨੂੰ ਉਹ ਬੇਸ਼ੱਕ ਗੋਲੀ ਮਾਰ ਦੇਣ, ਉਹ ਮਗਰੋਂ ਆਪੇ ਸਮਝ ਲਵੇਗਾ। ਪਰ ਲਸੰਸੀਆਂ ਵਲੋਂ ਉਸਦੇ ਹੁਕਮ ’ਚ ਹੁੰਗਾਰਾ ਨਾ ਭਰਨ ’ਤੇ ਡੀ. ਐਮ. ਪੀ. ਨੇ ਉਨ੍ਹਾਂ ਨੂੰ ਗਾਲ੍ਹਾਂ ਦਿੰਦੇ ਧਮਕੀ ਦਿੱਤੀ ਕਿ ਫਿਰ ਉਹ ਵੀ ਡਾਗਾਂ ਖਾਣ ਲਈ ਤਿਆਰ ਰਹਿਣ। ਪਿੰਡ ’ਤੇ ਵੱਡਾ ਹੱਲਾ 2 ਅਗਸਤ ਨੂੰ ਸਵੇਰੇ 4 ਵਜੇ ਬੋਲਿਆ ਗਿਆ। ਡੀ. ਐਸ. ਪੀ. ਦੀ ਅਗਵਾਈ ’ਚ ਲੱਗਭੱਗ 200 ਪੀ ਏ.ਪੀ. ਦੇ ਸਿਪਾਹੀਆਂ ਨੇ ਦਿਨ ਚੜ੍ਹਨ ਤੋਂ ਪਹਿਲਾਂ ਹੀ ਸਾਰੇ ਪਿੰਡ ਦੀ ਘੇਰਾ ਬੰਦੀ ਕਰ ਲਈ। ਸਾਰੇ ਪਿੰਡ ਦੇ ਲੋਕਾਂ ਨੂੰ ਭੇਡਾਂ ਬੱਕਰੀਆਂ ਵਾਂਗ ਸਕੂਲ ’ਚ ਇਕੱਠੇ ਕਰ ਲਿਆ। ਗਾਲ੍ਹਾਂ, ਤੇ ਧਮਕੀਆਂ ਦਿੰਦੇ ਹੋਏ ਪੁਲਸ ਅਫਸਰਾਂ ਨੇ ਪਿੰਡ ਦੇ 40-45 ਵਿਅਕਤੀਆਂ ਤੋਂ ਸਿਵਲ ਕਪੜੇ ਮੰਗਵਾ ਕੇ ਸਿਪਾਹੀਆਂ ਦੇ ਪੁਆ ਦਿੱਤੇ। ਇੰਨੇ ਕੁ ਬੰਦੇ ਪਿੰਡ ਦੇ ਲੋਕੇ ਤਿੰਨ ਟੋਲੀਆਂ ਬਣਾ ਕੇ ਜ਼ਬਰੀ ਉਨ੍ਹਾਂ ਨੂੰ ਖੇਤਾਂ ਵੱਲ ਤੋਰ ਲਿਆ ਗਿਆ। ਪਿੰਡ ਦੀ ਜੂਹ ’ਚ ਆਉਂਦੇ ਖੇਤਾਂ, ਟਿਊਬਵੈੱਲਾਂ ਤੇ ਕੋਠਿਆਂ ਦੀ ਤਲਾਸ਼ੀ ਲੈਣੇ ਲਈ ਸਾਰੇ ਖੇਤਾਂ ’ਚ ਗਾਹ ਪਾ ਦਿੱਤਾ ਗਿਆ ਸਭਾ ਦੇ ਵਰਕਰਾਂ ਨੂੰ ਫੜਨ ਲਈ ਪਿੰਡ ਦੇ ਲੋਕਾਂ ਨੂੰ ਡਾਂਗਾਂ ਨਾਲ ਕੁੱਟ ਕੁੱਟ ਕੇ ਮਗਰ ਭਜਾਇਆ ਗਿਆ। ਸਭਾ ਦੇ ਇਕ ਵਰਕਰ ਸੁਰਜੀਤ ਸਿੰਘ ਨੂੰ ਫੜਕੇ ਸੱਥ ’ਚ ਲਿਆ ਕੇ, ਪਿੰਡ ਦੇ ਸਾਰੇ ਲੋਕਾਂ ਸਾਹਮਣੇ ਬਿਲ-ਕੁੱਲ ਨੰਗਾ ਕਰਕੇ ਡਾਗਾਂ ਨਾਲ ਬੁਰੀ ਤਰ੍ਹਾਂ ਕੋਹਿਆ ਗਿਆ। ਡੀ. ਐਸ. ਪੀ. ਆਪਣੀ ਪਿਸਤੌਲ ਕੱਢਕੇ, ਉਸ ਵੱਲ ਸੇਧ ਕੇ ਉਸ ਨੂੰ ਗੋਲੀ ਮਾਰਨ ਦੀਆਂ ਧਮਕੀਆਂ ਦਿੰਦਾ ਰਿਹਾ। ਪੁਲਸ ਦੀ ਇਹ ਘਿਨਾਉਣੀ ਕਾਰਵਾਈ ਸਵੇਰੇ 4 ਵਜੇ ਤੋਂ ਲੈਕੇ ਸ਼ਾਮ 7 ਵਜੇ ਤੱਕ ਰਹੀ। ਸਾਰਾ ਦਿਨ ਨਾ ਕਿਸੇ ਬੰਦੇ ਨੂੰ ਰੋਟੀ ਖਾਣ ਦਿੱਤੀ ਗਈ ਨ ਹੀ ਕਿਤੇ ਬਾਹਰ ਜਾਣ ਦਿੱਤਾ ਗਿਆ। ਘਰਾਂ ਵਿਚ ਲੋਕਾਂ ਦਾ ਮਾਲ ਡੰਗਰ ਵੀ ਭੁੱਖਾਂ-ਤਿਹਾਇਆਂ ਸਾਰਾ ਦਿਨ ਅਰੜਾਟ ਪਾਉਂਦਾ ਰਿਹਾ। ਲੋਕਾਂ ਦੇ ਮਨਾਂ ਵਿਚ ਦਹਿਸ਼ਤ ਪਾਉਣ ਲਈ ਭੂਸਰੇ ਪੁਲਸ ਅਫਸਰਾਂ ਤੇ ਉਨ੍ਹਾਂ ਦੇ ਚਾਟੜੇ ਸਿਪਾਹੀਆਂ ਨੇ ਸਭਾ ਦੇ ਆਗੂ ਉਜਾਗਰ ਸਿੰਘ ਦੀ ਕੁਤਰੇ ਵਾਲੀ ਮਸ਼ੀਨ, ਇਕ ਨਲਕਾ, ਗੁਸਲਖਾਨਾ ਤੇ 6 - 7 ਮੰਜੇ ਭੰਨ ਤੋੜ ਦਿੱਤੇ। ਜਿੰਦੇ ਭੰਨ ਕੇ ਸੰਦੂਕਾਂ ਚੋਂ ਸਾਰਾ ਸਾਮਾਨ ਕੱਢਕੇ ਬਾਹਰ ਵਿਹੜੇ ਵਿਚ ਖਿੰਡਾ ਦਿਤਾ। ਸਾਰੇ ਪਿੰਡ ਦੇ ਲੋਕਾਂ ਨੂੰ ਗੰਦੀਆਂ ਗਾਲ੍ਹਾਂ

ਬਕਦੇ ਡੀ. ਐਸ. ਪੀ. ਨੇ ਜਾਣ ਲਗਿਆਂ ਧਮਕੀ ਦਿਤੀ ਕਿ ਜੇ ਦੋ ਦਿਨਾਂ ਦੇ ਅੰਦਰ ਸਾਰੇ ਵਰਕਰ ਪੇਸ਼ ਨਾ ਕਰਾਏ ਤਾਂ 2—4 ਦਿਨਾਂ ਨੂੰ ਫੇਰ ਆਕੇ ਸਾਰੇ ਪਿੰਡ ਦੇ ਲੋਕਾਂ ਨੂੰ ਕੁਟਾਪਾ ਚਾੜ੍ਹੂੰ, ਫਸਲਾਂ ਉਜਾੜੂੰ, ਸਮਾਨ ਭੰਨੂ, ਅੱਗਾਂ ਲਾਊਂ ਤੇ ਸਾਰੀਆਂ ਔਰਤਾਂ ਨੂੰ ਅੰਦਰ ਕਰੂੰ।

ਪਿੰਡ ਸਿਵੀਆਂ (ਇਲਾਕਾ ਬਠਿੰਡਾ) -28 ਜੁਲਾਈ ਨੂੰ ਗੋਨਿਆਨੇ ਵਿਚ ਹੋਣ ਵਾਲੇ ਮੁਜ਼ਾਹਰੇ ਨੂੰ ਜਾਣ ਵਾਲੀ ਇਕ ਟਰਾਲੀ ਘੇਰ ਲਈ ਤੇ ਸਾਰਿਆਂ ਬੰਦਿਆਂ ਨੂੰ ਮੁਜ਼ਾਹਰੇ 'ਚ ਜਾਣ ਤੋਂ ਰੋਕਿਆ। ਫਿਰ ਵੀ ਉਹ ਕਿਸੇ ਨਾ ਕਿਸੇ ਤਰਾਂ ਮੁਜ਼ਾਹਰੇ ਵਿਚ ਸ਼ਾਮਲ ਹੋ ਗਏ ਵਿਅਕਤੀਆਂ ਨੂੰ ਵਾਪਸ ਆਉਂਦਿਆਂ ਨੂੰ 3 ਜੀਪਾਂ ਤੇ ਇਕ ਟਰੱਕ ਵਿਚ ਆਏ ਪੁਲਸ ਤੇ ਪੀ. ਏ. ਪੀ. ਦੇ ਸਿਪਾਹੀ ਫੇਰ ਪੈ ਗਏ ਤੇ ਚਾਰ ਜਣਿਆਂ ਨੂੰ ਫੜ ਲਿਆ ਗਿਆ। ਜਿਨ੍ਹਾਂ ਵਿਚ ਇਕ ਦਸਵੀਂ ਜਮਾਤ ਦਾ ਸਕੂਲੀ ਵਿਦਿਆਰਥੀ ਵੀ ਸੀ। ਸਾਰਿਆਂ ਨੂੰ ਕੁਟਮਾਰ ਕੀਤੀ ਗਈ ਤੇ ਠਾਣੇ ਲੈ ਗਏ। ਸਭਾ ਦੇ ਵਰਕਰਾਂ ਦੇ ਘਰੀਂ ਦੋ ਦਿਨ ਲਗਾਤਾਰ ਛਾਪੇ ਮਾਰਨ ਤੋਂ ਬਾਦ 31 ਜੁਲਾਈ ਨੂੰ ਸੁਭਾ 4 ਵਜੇ 4 ਜੌਂਗਿਆਂ ਤੇ ਇਕ ਬੱਸ ਵਿਚ ਆਏ 150 ਦੇ ਲਗਭਗ ਪੁਲਸ ਅਫਸਰਾਂ ਤੇ ਪੀ. ਏ. ਪੀ. ਦੇ ਸਿਪਾਹੀਆਂ ਸਾਰੇ ਪਿੰਡ ਦੀ ਨਾਕਾ ਬੰਦੀ ਕਰ ਲਈ। ਡੀ.ਐਸ.ਪੀ. ਦੀ ਅਗਵਾਈ ਹੇਠ ਆਈ ਪੁਲਸ ਦਾ ਇਕ ਜੋਂਗਾ ਪਿੰਡ ਦੇ ਆਲੇ ਦੁਆਲੇ ਗਸ਼ਤ 'ਤੇ ਰਿਹਾ ਤਾਂ ਕਿ ਕੋਈ 'ਦੁਸ਼ਮਣ' ਘੇਰੇ 'ਚੋਂ ਨਿਕਲ ਨਾ ਜਾਵੇ। ਸਭਾ ਦੇ ਲੱਗ ਭੱਗ ਸਾਰੇ ਵਰਕਰਾਂ ਦੇ ਘਰੀਂ ਛਾਪੇ ਮਾਰ ਕੇ ਉਨ੍ਹਾਂ ਦੇ ਮਾਪਿਆਂ ਤੇ ਗਵਾਂਢੀਆਂ ਨੂੰ ਉਠਾ ਕੇ ਕੱਠੇ ਕਰ ਲਿਆ ਗਿਆ। ਪਿੰਡ ਦੇ ਕੁੱਲ 70 ਨੌਜਵਾਨਾਂ ਵਿਅਕਤੀਆਂ ਨੂੰ ਪਿੱਛੇ ਬਾਹਾਂ ਨੂੜ ਦੇ ਸਕੂਲ 'ਚ ਇਕੱਠੇ ਕਰ ਲਿਆ ਗਿਆ ਤੇ ਬਹੁਤਿਆਂ ਨੂੰ ਬਾਹਾਂ ਨੂੜ ਕੇ ਡਾਂਗਾਂ ਨਾਲ ਕੁਟਿਆ ਗਿਆ। 17 ਵਿਅਕਤੀਆਂ ਨੂੰ ਠਾਣੇ ਲੈ ਗਏ ਬਾਕੀਆਂ ਨੂੰ ਕੁੱਟ ਮਾਰ ਕੇ ਛੱਡ ਦਿੱਤਾ ਗਿਆ। ਜਿਨ੍ਹਾਂ 'ਚ ਸਭਾ ਦੇ ਇਲਾਕਾ ਸਕੱਤਰ ਗੁਰਦੇਵ ਸਿੰਘ ਦਾ ਬਜ਼ੁਰਗ ਬਾਪ (ਉਮਰ 65 ਸਾਲ) ਸਥਾਨਕ ਸਕੱਤਰ ਨਿਰਮਲ ਸਿੰਘ ਦੇ ਦੋ ਨਾਬਾਲਗ ਭਰਾ ਨੈਬ ਸਿੰਘ ਤੇ ਕਰਮ ਸਿੰਘ, ਸਭਾ ਦੇ ਮੈਂਬਰ ਬੂਟਾ ਸਿੰਘ ਦਾ ਬਾਪ (50-55 ਸਾਲ) ਆਦਿਕ ਸ਼ਾਮਲ ਸਨ। ਇਸ ਤੋਂ ਬਿਨਾਂ ਸਭਾ ਦੇ ਮੈਂਬਰ ਬਲਦੇਵ ਸਿੰਘ ਦੀ ਮਾਂ ਤੇਜ ਕੌਰ (ਉਮਰ 60 ਸਾਲ) ਨੂੰ ਫੜ ਕੇ ਕੁਟਿਆ ਗਿਆ ਤੇ ਤਿੰਨ ਹੋਰ ਇਸਤਰੀਆਂ—ਸਭਾ ਦੇ ਮੈਂਬਰ ਬਿੰਦਰ ਸਿੰਘ ਦੀ ਮਾਂ ਸੁਖਦੇਵ ਕੌਰ (40 ਸਾਲ) ਗੁਰਦੇਵ ਸਿੰਘ ਨੰਬਰਦਾਰ ਦੀ ਘਰ ਵਾਲੀ ਛੋਟੋ (38 ਸਾਲ) ਤੇ ਹਰਬੰਸ ਕੌਰ—ਨੂੰ ਫੜ ਕੇ ਗੰਦੀਆਂ ਗਾਲਾਂ ਦਿੰਦੇ ਥਾਣੇ ਲੈ ਗਏ। ਬਲਦੇਵ ਸਿੰਘ ਦੇ ਘਰ ਦਾ ਇਕ ਟਰੈਕਟਰ, ਸਭਾ ਦੇ ਮਾਟੋ ਆਦਿਕ ਅਤੇ ਗੁਰਦੇਵ ਸਿੰਘ ਦੇ ਘਰੋਂ ਉਸ ਦੀ ਫੋਟ ਤੇ ਕੁਝ ਕਿਤਾਬਾਂ ਚੁਕ ਕੇ ਲੈ ਗਏ। ਇਕ ਮਿਸਤਰੀ ਹਾਕਮ ਸਿੰਘ ਦੇ ਘਰ ਆਏ ਹੋਏ ਜੁਆਈ ਨੂੰ ਤੁਰੇ ਜਾਂਦੇ ਪੁਲਸੀਏ ਉਂਝ ਹੀ ਡਾਗਾਂ ਨਾਲ ਕੁੱਟ ਗਏ। ਇਸ ਤੋਂ ਇਲਾਵਾ ਪੰਜ ਕੁ ਵਿਅਕਤੀਆਂ ਨੂੰ ਗੋਲੀਆਂ ਖਾਣ ਜਾਂ ਵੇਚਣ ਦੇ ਦੋਸ਼ 'ਚ ਫੜ ਲਿਆਏ। ਬਾਅਦ ਫੜੇ ਗਏ ਬਲਦੇਵ ਸਿੰਘ ਦੇ ਭਰਾ ਸੁਖਦੇਵ ਸਿੰਘ ਨੂੰ ਥਾਣੇ 'ਚ ਕੁਰਸੀਆਂ ਲਾਟੀਆਂ ਗਈਆਂ ਤੇ ਅਣਮਨੁੱਖੀ ਤਸ਼ੱਦਦ ਕੀਤਾ ਗਿਆ।

ਸਭ ਤੋਂ ਵਰਨਣ ਯੋਗ ਗਲ ਇਹ ਹੈ ਕਿ ਸਾਰੇ ਪਿੰਡਾਂ ਦੇ ਲਸੰਸੀਆਂ ਦੀਆਂ ਲਗਭਗ 30 ਰਫਲਾਂ ਕਾਰਤੂਸਾਂ ਸਮੇਤ, ਪੁਲਸ ਅਫਸਰਾਂ ਨੇ ਰਖਾ ਲਈਆਂ ਤੇ ਥਾਣੇ ਚੁਕ ਲਿਆਏ।

ਪਿੰਡ ਦੇ ਲੋਕਾਂ ਨਾਲ ਹੁੰਦਾ ਇਹ ਜਬਰ ਤੇ ਧੱਕਾ ਪਿੰਡ ਦਾ ਸਰਪੰਚ ਖੁਦ ਆਵਦੇ ਇਸ਼ਾਰੇ ਤੇ ਕਰਵਾਉਂਦਾ ਰਿਹਾ। ਇਕ ਦੋ ਪੰਚਾਇਤ ਮੈਂਬਰਾਂ ਨੂੰ ਛਡਕੇ ਬਾਕੀ ਮੈਂਬਰ ਪੁਲਸ ਦੀ ਚੁੱਪ ਹਮਾਇਤ ਤੇ ਹੀ ਸਨ। ਇਸ ਸਾਰੀ ਕਾਰਵਾਈ ਦੌਰਾਨ ਪੁਲਸ ਅਫਸਰ ਸਭਾ ਨੂੰ ਜੜੋਂ ਖਤਮ ਕਰਨ ਦੀਆਂ ਧਮਕੀਆਂ ਦਿੰਦੇ ਰਹੇ। ਭਾਵੇਂ ਪੁਲਸ ਨੇ ਲੋਕਾਂ ਨਾਲ ਅਣਮਨੁੱਖੀ ਵਰਤਾਅ ਕਰਕੇ ਦਹਿਸ਼ਤ ਪਾਉਣ ਦੀ ਕੋਸ਼ਿਸ਼ ਕੀਤੀ ਪਰ ਫਿਰ ਵੀ ਪਿੰਡ ਦੇ ਲੋਕਾਂ ਤੇ ਖਾਸ ਕਰਕੇ ਇਸਤਰੀਆਂ ਨੇ ਇਸ ਦਾ ਡਟ ਕੇ ਵਿਰੋਧ ਕੀਤਾ। ਪਿੰਡ ਦੀਆਂ 15 ਕੁ ਇਸਤਰੀਆਂ ਨੇ ਇਕੱਠੀਆਂ ਹੋ ਕੇ ਪਹਿਲਾਂ ਪਿੰਡ ਦੇ ਲੋਕ-ਦੋਖੀ ਸਰਪੰਚ ਤੇ ਪਿੰਡ 'ਚ ਬੈਠੇ ਥਾਣੇਦਾਰ ਦੀ ਚੰਗੀ ਲਾਹ ਪਾਹ ਕੀਤੀ, ਫਿਰ ਸਾਰੀਆਂ ਬਠਿੰਡੇ ਥਾਣੇ 'ਚ ਜਾ ਕੇ, ਇਕਮੁੱਠ ਦਬਾਅ ਸਦਕਾ, ਪਿੰਡ ਦੀਆਂ ਫੜੀਆਂ ਹੋਈਆਂ ਇਸਤਰੀਆਂ ਨੂੰ ਛੁੜਾ ਕੇ ਲਿਆਈਆਂ ਤੇ ਆਉਂਦੀਆਂ ਨੇ "ਇਨਕਲਾਬ ਜਿਦਾਬਾਦ" ਤੇ "ਪਿੰਡ ਦਾ ਸਰਪੰਚ—ਮੁਰਦਾਬਾਦ।" ਦੇ ਜੋਰੂ ਨਾਹਰੇ ਲਾਏ।

ਪਿੰਡ ਗਿੱਲ ਪੱਤੀ—(ਇਲਾਕਾ ਬਠਿੰਡਾ)—31 ਜੁਲਾਈ ਨੂੰ ਸਵੇਰੇ ਅੱਠ ਵਜੇ 6 ਜੀਪਾਂ ਟਰੱਕਾਂ 'ਚ ਲਗਭਗ 150 ਪੁਲਸ ਅਫਸਰਾਂ ਤੇ ਪੀ. ਏ. ਪੀ. ਦੇ ਸਿਪਾਹੀਆਂ ਨੇ ਪਿੰਡਾਂ ਤੇ ਧਾਵਾ ਬੋਲਿਆ। ਪਿੰਡ ਦੇ ਚਾਰੇ ਪਾਸਿਆਂ ਤੇ ਨਾਕਬੰਦੀ ਕੀਤੀ ਗਈ। 20—20, 25—25 ਸਿਪਾਹੀਆਂ ਦੇ ਗਰੋਹ ਤੇ ਵੱਖ-ਵੱਖ ਪਾਸਿਆਂ ਤੋਂ ਪਿੰਡ 'ਚ ਵੜ ਗਏ। ਇਸ ਪਿੰਡ ਦੇ 7 ਵਿਅਕਤੀ ਤੇ 7 ਇਸਤਰੀਆਂ ਹਿਰਾਸਤ 'ਚ ਲਈਆ ਗਈਆਂ ਤੇ 22 ਨੌਜਵਾਨਾਂ ਤੇ ਹੋਰ ਵਿਅਕਤੀਆਂ ਦੀ ਪੁਲਸ ਭਾਲ ਕਰਦੀ ਰਹੀ। ਸਭਾ ਦੇ ਹਰੀਜਨ ਮੈਂਬਰਾਂ ਜਾਂ ਹਮਦਰਦਾਂ ਨੂੰ ਪੁਲਸ ਨੇ, ਪਿੰਡ ਦੇ ਇਕ ਟਾਊਟ ਕੇਲਾ ਮੁੱਛ ਤੇ ਸਾਬਕਾ ਸਰਪੰਚ ਦੇ ਇਸ਼ਾਰੇ ਤੇ ਕੁਟ ਮਾਰ ਦਾ ਚੁਣਵਾਂ ਨਿਸ਼ਾਨਾ ਬਣਾਇਆ ਗਿਆ। ਸਭਾ ਦੇ ਇਲਾਕਾ ਸਕੱਤਰ ਰਣਧੀਰ ਸਿੰਘ ਦੇ ਘਰੇ ਅਲਮਾਰੀਆਂ ਭੰਨ ਕੇ ਪੁਲਸ ਨੇ ਸਭਾ ਦੀ ਲਾਇਬਰੇਰੀ ਦੀਆਂ 90 ਤੇ ਕੁਝ ਹੋਰ ਨਿੰਜੀ ਕਿਤਾਬਾਂ, ਲੈਨਿਨ ਤੇ ਸ਼ਹੀਦ ਭਗਤ ਸਿੰਘ ਦੀਆਂ ਫੋਟੂਆਂ ਤੇ ਕਲੰਡਰ, ਸਭਾ ਦੇ ਪਰਚੇ ਨੌਜਵਾਨ ਲਹਿਰ ਦੀਆਂ 100 ਕਾਪੀਆਂ, ਜੈਕਾਰੇ ਦੀਆਂ ਫਾਈਲਾਂ ਅਤੇ ਸਭਾ ਦੇ ਇਸ਼ਤਿਹਾਰ, ਲੀਫਲੈੱਟ ਆਦਿਕ ਚੁਕ ਕੇ ਥਾਣੇ ਜਾ ਸੁਟੇ। ਇਸ ਸਾਰੇ ਸਮਾਨ ਦੀ ਕੀਮਤ 1000 ਰੁਪਏ ਤੋਂ ਵੀ ਵਧ ਬਣਦੀ ਹੈ। ਸਭਾ ਦੇ ਸਹਾਇਕ ਸਕੱਤਰ ਗੁਰਦੇਵ ਸਿੰਘ ਰਾਹੀ ਦੇ ਘਰ ਦੇ ਚੁਲੇ, ਹਾਰੇ ਤੇ ਕੰਧੋਲੀ, ਭੂਸਰੇ ਹੋਏ ਪੁਲਸ ਅਫਸਰਾਂ ਤੇ ਉਹਨਾਂ ਦੇ ਪਾਲਤੂਆਂ ਨੇ ਢਾਹ ਦਿਤੇ। ਮੰਜੇ ਪੀੜੀਆਂ ਤੇ ਘੜੇ ਭੰਨ—ਤੋੜ ਦਿਤੇ। ਗੁਰਦੇਵ ਸਿੰਘ ਦੀ ਮਾਂ ਸੀਤੋ (ਉਮਰ 50 ਸਾਲ) ਸਭਾ ਦੇ ਮੈਂਬਰ ਗੇਵ ਦੀ ਮਾਂ ਬਤਨ ਕੌਰ (ਉਮਰ 55 ਸਾਲ) ਤੇ ਇਕ ਹੋਰ ਮੈਂਬਰ ਭਲਾ ਸਿੰਘ ਦੀ ਮਾਂ ਗੁਰਦਿਆਲ ਕੌਰ ਨੂੰ ਪੁਲਸੀਆਂ ਨੇ ਘਰੇ ਕੁਟ

ਮਾਰ ਕੀਤੀ ਤੇ ਗੰਦੀਆਂ ਗਾਲ੍ਹਾਂ ਦਿਤੀਆਂ। ਇਹਨਾਂ ਤੋਂ ਬਿਨਾਂ ਰਣਧੀਰ ਸਿੰਘ ਦੀ ਮਾਂ ਬਲਵੰਤ ਕੌਰ ਨੂੰ ਭੋਲਾ ਸਿੰਘ ਹਰੀਜਨ ਮੈਂਬਰ ਦੀ ਮਾਂ ਸੰਤੋ ਨੂੰ ਪੁਲਸ ਨੇ ਹਿਰਾਸਤ 'ਚ ਲੈ ਕੇ ਇਹਨਾਂ ਸਾਰੀਆਂ ਇਸਤਰੀਆਂ ਨੂੰ ਪਿੰਡ ਦੇ ਬੱਸ ਅੱਡੇ ਤੇ ਲਿਆ ਬਿਠਾਇਆ ਪਰ ਪੰਚਾਇਤ ਨੇ ਦਬਾਅ ਪਾ ਕੇ ਉਹਨਾਂ ਨੂੰ ਛੁਡਾ ਲਿਆ। ਸਭਾ ਦੇ ਨਾਬਾਲਗ ਮੈਂਬਰ ਭੋਲਾ ਸਿੰਘ ਦੇ ਘਰੋਂ ਪੁਲਸ ਵਾਲੇ ਉਸ ਦੀਆਂ ਸਕੂਲ ਦੀਆਂ ਕਿਤਾਬਾਂ ਤੇ ਜੈਕਾਰੇ ਦੇ ਪਰਚੇ ਚੁਕ ਕੇ ਲੈ ਗਏ। ਇਕ ਮੈਂਬਰ ਦੇ ਘਰੋਂ ਇਕ ਗੰਡਾਸਾ ਤੇ ਇਕ ਹੋਰ ਘਰੋਂ ਇਕ ਗੰਧਾਲੀ ਤੇ ਇਕ ਗੰਡਾਸਾ ਚੁਕ ਕੇ ਪੁਲਸੀਏ ਥਾਣੇ ਲੈ ਗਏ। ਬੁਚੜਾਂ ਨੇ ਮੰਜੇ 'ਤੇ ਬਿਮਾਰ ਪਏ ਇਕ ਹਰੀਜਨ ਹਰਨੇਕ ਸਿੰਘ, ਬਲਵੰਤ ਸਿੰਘ, ਮੰਦਰ ਸਿੰਘ, 60 ਸਾਲਾਂ ਦੇ ਬਜ਼ੁਰਗ ਭਾਗ ਸਿੰਘ, ਨੌਜਵਾਨ ਹਰਦੇਵ ਸਿੰਘ, ਪੂਰਨ ਅਤੇ ਇਕ ਸੀਰੀ ਦੁਰਲੱਭ ਸਿੰਘ ਨੂੰ ਬੁਰੀ ਤਰ੍ਹਾਂ ਡਾਂਗਾਂ ਨਾਲ ਕੋਹਿਆ ਗਿਆ। ਦੁਰਲੱਭ ਸਿੰਘ ਨੂੰ ਬੁਰੀ ਤਰ੍ਹਾਂ ਕੁਟ ਕੇ ਪਿੰਡ ਦੇ ਅੱਡੇ ਤੇ ਸੜਕ ਤੇ ਭੱਜਣ ਲਈ ਮਜਬੂਰ ਕੀਤਾ ਗਿਆ। ਇਕ ਵਿਅਕਤੀ ਹਜ਼ਾਰਾ ਸਿੰਘ ਦੇ ਘਰ ਨਾ ਮਿਲਣ ਕਰਕੇ ਉਸ ਦੀ ਪਤਨੀ ਤੇ ਛੋਟੀਆਂ ਬੱਚੀਆਂ ਨੂੰ ਪੁਲਸ ਨੇ ਫੜ ਲਿਆ ਪਰ ਲੋਕਾਂ ਨੇ ਦਬਾਅ ਪਾ ਕੇ ਉਹਨਾਂ ਨੂੰ ਛੁੜਾ ਲਿਆ। ਜਾਂਦਾ ਹੋਇਆ ਡੀ. ਐਸ. ਪੀ. ਲੋਕਾਂ ਨੂੰ ਇਹ ਧਮਕੀ ਦੇ ਰਿਹਾ ਸੀ ਕਿ ਜੇ ਉਹ ਸਿਧੇ ਰਸਤੇ ਤੇ ਨਾਂ ਆਏ ਤਾਂ ਜਿਵੇਂ 1970 'ਚ ਗੋਲੀਆਂ ਨਾਲ ਉਡਾਏ ਸਨ, ਇਉਂ ਕੀਤਾ ਜਾਵੇਗਾ।

**ਪਿੰਡ ਜੇਠੂਕੇ—(ਇਲਾਕਾ ਰਾਮਪੁਰਾ)**—ਇਸ ਪਿੰਡ ਦੀ ਸਭਾ ਦੇ ਦੋ ਵਰਕਰਾਂ ਨੂੰ 24 ਜੁਲਾਈ ਨੂੰ ਗ੍ਰਿਫਤਾਰ ਕਰਕੇ ਪੁਲਸੀ ਬੁਚੜਾਂ ਵਲੋਂ ਇੰਨੀ ਬੇਰਹਿਮੀ ਨਾਲ ਕੁਟਿਆ ਗਿਆ ਕਿ ਇਕ ਨੌਜਵਾਨ ਬੂਟਾ ਸਿੰਘ ਦੀ ਰੀੜ ਦੀ ਹੱਡੀ ਤਿੜਕ ਗਈ ਤੇ ਉਸ ਨੂੰ ਹਸਪਤਾਲ ਦਾਖਲ ਹੋਣਾ ਪਿਆ। 2 ਅਗਸਤ ਤਕ ਸਭਾ ਦੇ 7-8 ਕਰਿੰਦਿਆਂ ਦੇ ਘਰੀਂ ਲਗਾਤਾਰ ਛਾਪੇ ਮਾਰੇ ਜਾਂਦੇ ਰਹੇ। 5 ਕੁ ਸਭਾ ਦੇ ਹਮਦਰਦਾਂ ਨੂੰ ਥਾਣੇ 'ਚ ਕੁੱਟ ਮਾਰ ਕੀਤੀ ਤੇ ਕਈ ਦਿਨ ਥਾਣੇ ਬਿਠਾਈ ਰਖਿਆ ਉਪਰੋਕਤ ਜ਼ਿਕਰ ਕੀਤੇ ਪਿੰਡਾਂ ਵਾਂਗ ਏਥੇ ਵੀ ਪੁਲਸ ਅਧਿਕਾਰੀਆਂ ਨੇ ਦਹਿਸ਼ਤ ਪਾਉਣ ਦਾ ਉਹੀ ਢੰਗ ਤਰੀਕਾ ਵਰਤਿਆ। 3 ਅਗਸਤ ਦੀ ਰਾਤ ਨੂੰ 2 ਵਜੇ ਦੇ ਕਰੀਬ 200 ਪੀ. ਏ. ਪੀ. ਦੇ ਸਿਪਾਹੀਆਂ ਨੇ ਡੀ. ਐਸ. ਪੀ. ਦੀ ਅਗ਼ਵਾਈ ਹੇਠਾਂ ਪਿੰਡ ਨੂੰ ਘੇਰਾ ਪਾਇਆ। ਲਾਊਡ ਸਪੀਕਰ ਰਾਹੀਂ ਹਰ 'ਚ ਘਰ ਦੇ ਮਰਦਾਂ ਨੂੰ ਪਿੰਡ 'ਚ ਇਕ ਥਾਂ ਇਕਠੇ ਹੋਣ ਦਾ ਹੁਕਮ ਚੜ੍ਹ ਦਿੱਤਾ। ਸਭਾ ਦੇ ਮੈਂਬਰਾਂ ਦੇ 4-5 ਮਾਪਿਆਂ ਨੂੰ ਕੁੱਟ ਮਾਰ ਕੀਤੀ ਗਈ। ਇਕ ਮੈਂਬਰ ਜੀਤ ਸਿੰਘ ਦੀ ਛੋਟੀ ਭੈਣ ਤੇ ਬੁੱਢੇ ਬਾਪ ਨੂੰ ਜ਼ਾਲਮਾਂ ਵਲੋਂ ਕੁਟਿਆ ਗਿਆ ਤੇ ਗਾਲ੍ਹਾਂ ਦਿਤੀਆਂ ਗਈਆਂ। ਸਾਰੇ ਪਿੰਡ ਨੂੰ ਗੰਦੀਆਂ ਗਾਲ੍ਹਾਂ ਬਕਦੇ ਡੀ. ਐਸ. ਪੀ. ਨੇ ਉਸੇ ਤਰ੍ਹਾਂ ਟੋਲੀਆਂ ਬਣਾ ਕੇ, ਸਿਪਾਹੀਆਂ ਦੇ ਸਿਵਲ ਕਪੜ ਪੁਆ ਕੇ, ਪਿੰਡ ਦੇ ਲੋਕਾਂ ਜਬਰੀ ਖੇਤਾਂ ਦੇ ਕੋਠਿਆਂ ਤੇ ਟਿਊਬਵੈਲਾਂ ਤੇ ਸਭਾ ਦੇ ਵਰਕਰਾਂ ਦੀ ਭਾਲ ਕਰਨ ਲਈ ਧੱਕਿਆ। ਖੇਤਾਂ ਦਾ ਚੱਪਾ ਚੱਪਾ ਛਾਣਦਿਆਂ, ਪੁਲਸੀ ਜੀਪਾਂ ਨੇ 2-3 ਵਰਕਰਾਂ ਦੇ ਖੇਤਾਂ ਦੀਆਂ ਖੜੀਆਂ ਫਸਲਾਂ ਮਿੱਧ ਦਿਤੀਆਂ। ਏਥੇ ਵੀ ਡੀ. ਐਸ. ਪੀ. ਇਹ ਧਮਕੀ ਦੇ ਕੇ ਗਿਆ ਕਿ ਜੇ ਦੋ ਦਿਨਾਂ ਦੇ ਅੰਦਰ ਅੰਦਰ ਸਾਰੇ ਵਰਕਰਾਂ ਨੂੰ ਪੇਸ਼ ਨਾ ਕਰਾਇਆ ਤਾਂ "ਮੈਂ ਟਰੈਕਟਰ ਲਿਆ ਕੇ ਪਿੰਡ ਦੀਆਂ ਫਸਲਾਂ ਉਜਾੜੂੰ, ਸਾਰੇ ਲੋਕਾਂ ਨੂੰ ਕੁਟਾਪਾ ਚਾੜ੍ਹੂੰ ਤੇ ਬੰਨ ਕੇ ਥਾਣੇ ਅੰਦਰ ਕਰੂੰ।"

***ਇਲਾਕਾ ਰਾਮਪੁਰਾ***—ਉਪਰ ਜ਼ਿਕਰ ਕੀਤੇ ਪਿੰਡਾਂ ਤੋਂ ਇਲਾਵਾ ਢਪਾਲੀ ਪਿੰਡ ਦੇ ਸਭਾ ਦੇ ੮ ਮੈਂਬਰਾਂ ਦੇ ਘਰੀਂ ਲਗਭਗ ਰੋਜ਼ ਪੁਲਸ ਛਾਪੇ ਮਾਰੇ ਗਏ। ਸਭਾ ਦੇ 4 ਮੈਂਬਰਾਂ ਦੇ ਮਾਪਿਆਂ ਨੂੰ ਫੜਕੇ ਹਿਰਾਸਤ 'ਚ ਰੱਖਿਆ ਗਿਆ। ਸਭਾ ਦੇ ਸਾਬਕਾ ਸਕੱਤਰ ਜਸਵੰਤ ਸਿੰਘ ਦੀ ਬ੍ਰਿਧ ਮਾਂ ਨੂੰ ਠਾਣੇ ਲਿਜਾਇਆ ਗਿਆ, ਉਸਦੇ ਘਰ ਦੇ ਭਾਂਡੇ-ਟੀਂਡੇ ਭੰਨ ਤੋੜ ਦਿੱਤੇ ਤੇ ਸਾਰਾ ਮਾਲ-ਡੰਗਰ ਖੋਲ੍ਹ ਕੇ ਬਾਹਰ ਛੱਡ ਦਿੱਤਾ। ਇਕ ਮੈਂਬਰ ਬੂਟਾ ਸਿੰਘ ਦੀ ਮਾਂ ਨੂੰ ਫੜਕੇ ਪੁਲਸ ਵਲੋਂ ਕੁੱਟਿਆ ਗਿਆ ਤੇ ਠਾਣੇ ਲਿਜਾਇਆ ਗਿਆ। ਮੰਡੀ ਰਾਮਪੁਰਾਫੂਲ ਦੇ ਸਭਾ ਦੇ 3 ਹਮਦਰਦਾਂ ਨੂੰ ਫੜ ਕੇ ਕੁੱਟਿਆ ਗਿਆ, 7 ਮੈਂਬਰਾਂ ਦੇ ਘਰੀਂ ਲਗਾਤਾਰ ਛਾਪੇ ਮਾਰੇ ਜਾ ਰਹੇ ਹਨ, ਮਹਿਰਾਜ ਪਿੰਡ ਦੀ ਸਭਾ ਦੇ ਸਕੱਤਰ ਦੇ ਭਰਾ ਅਤੇ ਬਿਮਾਰ ਪਏ ਮੋਹਤਮ ਸਿੰਘ ਨੂੰ ਪੁਲਸ ਠਾਣੇ ਲੈ ਗਈ। ਸਕੱਤਰ ਤੇ ਤਿੰਨ ਚਾਰ ਹੋਰ ਮੈਂਬਰਾਂ ਦੇ ਘਰੀਂ ਛਾਪੇ ਤੇ ਉਨ੍ਹਾਂ ਦੀ ਭਾਲ ਜਾਰੀ ਹੈ। ਚਾਉਕੇ ਪਿੰਡ 'ਚ ਸਭਾ ਦੇ ਸਕੱਤਰ ਦੇ ਘਰ ਲਗਾਤਾਰ ਛਾਪੇ ਮਾਰੇ ਜਾ ਰਹੇ ਹਨ ਤੇ ਉਸ ਦੇ ਚਾਚੇ ਤੇ ਭਰਾ ਨੂੰ ਪੁਲਸ ਹਿਰਾਸਤ 'ਚ ਰੱਖਿਆ ਗਿਆ। ਲਹਿਰਾ ਧੂਰਕੋਟ ਦੀ ਸਭਾ ਦੇ ਸਕੱਤਰ ਦੇ ਘਰ ਦਾ ਜਿੰਦਾ ਭੰਨ ਕੇ ਪੁਲਸ ਨੇ ਘਰ ਦਾ ਸਮਾਨ ਭੰਨ ਤੋੜ ਦਿੱਤਾ। ਪਿੰਡ ਦੇ ਕੁਝ ਹੋਰ ਮੈਂਬਰਾਂ ਦੀ ਵੀ ਪੁਲਸ ਨੂੰ ਭਾਲ ਹੈ। ਕਈਆਂ ਪਿੰਡ 'ਚ ਸਭਾ ਦੇ 4-5 ਹਮਦਰਦਾਂ ਤੇ ਭੋਲਾ ਸਿੰਘ ਸਿਧਾਣਾ ਤੇ ਉਸਦੇ ਭਰਾ ਦੇ ਸਹੁਰੇ ਨੂੰ ਪੁਲਸ ਹਿਰਾਸਤ 'ਚ ਲੈ ਕੇ ਕੁੱਟ ਮਾਰ ਕੀਤੀ। ਮਹਿਰਾਜ ਦੇ ਨੇੜੇ ਪਿੰਡ ਟੱਲਵਾਲੀ ਦੀ ਸਭਾ ਦੇ ਸਕੱਤਰ ਪਾਲੀ ਤੇ ਇਲਾਕਾ ਸਕੱਤਰ ਚਰਨਜੀਤ ਸਿੰਘ ਗ੍ਰਿਫਤਾਰ ਕਰ ਲਏ ਗਏ ਹਨ। ਇਸ ਤੋਂ ਪਹਿਲਾਂ ਛਾਪਿਆਂ ਦੌਰਾਨ ਚਰਨਜੀਤ ਸਿੰਘ ਦੀ ਬ੍ਰਿਧ ਮਾਂ ਅਤੇ ਇਕ ਭਾਬੀ, ਉਸ ਦੇ ਭਰਾਵਾਂ ਤੇ ਮਾਲ ਡੰਗਰ ਪੁਲਸ ਨੇ ਹਿਰਾਸਤ 'ਚ ਲੈ ਲਏ ਜੋ ਕਿ ਬਾਦ 'ਚ ਪਿੰਡ ਵਾਲਿਆਂ ਕੱਠੇ ਹੋ ਕੇ ਛਡਾਏ। ਹੰਕਾਰੇ ਪੁਲਸ ਅਫਸਰ ਮੁੰਡੇ ਨੂੰ ਪੇਸ਼ ਨਾ ਕਰਾਉਣ 'ਤੇ ਘਰ ਸਾੜਨ ਦੀਆਂ ਧਮਕੀਆਂ ਦਿੰਦੇ ਰਹੇ। ਪਿੰਡ ਭੈਣੀ ਤੋਂ ਇਕ ਨੌਜਵਾਨ ਨੂੰ ਗ੍ਰਿਫਤਾਰ ਕੀਤਾ ਗਿਆ।

ਇਸੇ ਇਲਾਕੇ 'ਚ ਹੀ ਪੀ. ਐਸ. ਯੂ. ਦੇ ਵਰਕਰਾਂ ਤੇ ਆਗੂਆਂ ਜਸਵੰਤ ਧਾਧੀ, ਕੁਲਵੰਤ ਸਿੰਘ ਤੇ ਬਲਵਿੰਦਰ ਸਿੰਘ ਦੇ ਪਿਤਾ ਪੁਲਸ ਨੇ ਠਾਣੇ ਬਿਠਾ ਰੱਖੇ ਹਨ ਤੇ ਘਰੀਂ ਲਗਾਤਾਰ ਛਾਪੇ ਮਾਰੇ ਜਾ ਰਹੇ ਹਨ।

***ਇਲਾਕਾ ਬਰਨਾਲਾ***—24 ਤਾਰੀਖ ਨੂੰ ਬਰਨਾਲੇ 'ਚ ਹੋਈਆਂ ਘਟਨਾਵਾਂ ਤੋਂ ਬਾਅਦ ਨੇੜਲੇ ਪੰਦਰਾਂ ਪਿੰਡਾਂ 'ਚ ਪੁਲਸ ਨੇ ਵੱਡੀ ਪੱਧਰ 'ਤੇ ਦਮਨ ਚੱਕਰ ਚਲਾਇਆ। ਇਕ ਇਲਾਕੇ 'ਚੋਂ 40 ਦੇ ਕਰੀਬ ਨੌਜਵਾਨ, ਵਿਦਿਆਰਥੀ ਜਾਂ ਉਨ੍ਹਾਂ ਦੇ ਮਾਪੇ ਤੇ ਅਧਿਆਪਕ ਗ੍ਰਿਫਤਾਰ ਕੀਤੇ ਹਨ। ਪਿੰਡ ਭੋਤਨਾਂ ਦੀ ਸਭਾ ਦੇ ਸਕੱਤਰ ਹਰਦੇਵ ਸਿੰਘ ਦੇ ਪਿਤਾ ਨੂੰ ਅਤੇ ਪਿੰਡ 'ਚੋਂ ਪ੍ਰੈਪ 'ਚ ਦਾਖਲਾ ਲੈਣ ਗਏ ਇਕ ਵਿਦਿਆਰਥੀ ਨੂੰ ਗ੍ਰਿਫਤਾਰ ਕਰ ਲਿਆ ਗਿਆ। ਹਰਦੇਵ ਸਿੰਘ, ਇਕ ਅਧਿਆਪਕ ਜਸਵੰਤ ਸਿੰਘ ਤੇ 7 ਹੋਰ

ਸਭਾ ਦੇ ਮੈਂਬਰਾਂ ਦੇ ਘਰੀਂ ਲਗਾਤਾਰ ਪੁਲਸ ਛਾਪੇ ਮਾਰੇ ਜਾ ਰਹੇ ਹਨ। ਟਲੇਵਾਲ ਪਿੰਡ ਦੀ ਸਭਾ ਦੇ ਸਕੱਤਰ ਹਮੀਰ ਸਿੰਘ ਦੇ ਪਿਤਾ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ। ਲਗਾਤਾਰ ਮਾਰੇ ਛਾਪਿਆਂ ਦੌਰਾਨ ਇਕ ਦਿਨ ਉਸਦੇ ਬੰਦ ਪਏ ਘਰ 'ਚ ਦਾਖਲ ਹੋ ਕੇ ਪੁਲਸ ਨੇ ਚੁਬਾਰੇ 'ਚ ਪਈਆਂ, ਕਿਤਾਬਾਂ, ਫੋਟੂਆਂ ਤੇ ਹੋਰ ਨਿੱਕਾ ਮੋਟਾ ਸਮਾਨ ਚੁੱਕ ਕੇ ਠਾਣੇ ਲਿਜਾ ਸੁੱਟਿਆ। ਇਕ ਹਰੀਜਨ ਨੌਜਵਾਨ ਦਰਸ਼ਨ ਸਿੰਘ ਨੂੰ ਪੀ. ਐਸ. ਯੂ. ਦੇ ਇਸ਼ਤਿਹਾਰ ਲਿਜਾਂਦੇ ਨੂੰ ਗ੍ਰਿਫਤਾਰ ਕਰਕੇ ਅੰਮ੍ਰਿਤਸਰ ਬੁੱਚੜਖ਼ਾਨੇ ਭੇਜਿਆ ਗਿਆ। ਇਸ ਤੋਂ ਬਿਨਾਂ ਬਲਬੀਰ ਸਿੰਘ ਤੇ ਹਰੀਜਨ ਅਧਿਆਪਕ ਬਖਸ਼ੀਸ਼ ਸਿੰਘ ਦੇ ਘਰੀਂ ਛਾਪੇ ਮਾਰੇ ਗਏ। ਪਿੰਡ 'ਚ ਲਗਭਗ ਹਰ ਰੋਜ਼ ਹੀ ਪੁਲਸ ਬੈਠੀ ਰਹਿੰਦੀ ਹੈ। ਭਦੌੜ ਕਸਬੇ 'ਚ ਸਭਾ ਦੇ ਇਲਾਕਾ ਸਕੱਤਰ ਸ਼ਾਦ ਮੁਹੰਮਦ ਦੇ ਗਰੀਬ ਤੇ ਬਜ਼ੁਰਗ ਮਾਮੇ ਨੂੰ ਗ੍ਰਿਫਤਾਰ ਕਰ ਲਿਆ ਗਿਆ। ਪੁਲਸ, ਉਸਦੇ ਘਰੋਂ ਕਿਤਾਬਾਂ, ਨੌ: ਭਾ: ਸਭ ਦਾਂ ਰਿਕਾਰਡ ਤੇ ਫੋਟੂਆਂ ਆਦਿਕ ਚੁੱਕ ਕੇ ਲੈ ਗਈ। ਸਭਾ ਦੇ ਮੈਂਬਰਾਂ ਹੇਮਰਾਜ ਤੇ ਬਸੰਤ ਸਿੰਘ ਦੇ ਘਰੀਂ ਲਗਾਤਾਰ ਛਾਪੇ ਮਾਰੇ ਜਾ ਰਹੇ ਹਨ। ਪਿੰਡ ਪੱਤੀ ਸੇਖਵਾਂ ਦੇ ਇਕ ਅਧਿਆਪਕ ਤੇ ਪਿੰਡ ਦੀ ਸਭਾ ਦੇ ਸਕੱਤਰ ਦੇ ਘਰੇ ਇਕ ਵੱਡੀ ਪੁਲਸ ਪਾਰਟੀ ਨੇ ਛਾਪਾ ਮਾਰ ਕੇ ਉਸਦੇ ਬਾਪ, ਚਾਚੇ ਤੇ ਦੋ ਚਚੇਰੇ ਭਰਾਵਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਸਦੇ ਘਰ ਤੇ ਸਕੂਲ ਠੀਕਰੀਵਾਲ ਵਿਖੇ ਲਗਾਤਾਰ ਪੁਲਸ ਛਾਪੇ ਮਾਰੇ ਜਾ ਰਹੇ ਹਨ। ਪਿੰਡ ਦੇ ਤਿੰਨ ਹਰੀਜਨ ਤੇ ਦੋ ਹੋਰ ਵਿਅਕਤੀ ਗ੍ਰਿਫਤਾਰ ਤੇ ਦੋ ਹੋਰ ਨੌਜਵਾਨਾਂ ਦੀ ਭਾਲ ਜਾਰੀ ਹੈ। ਪਿੰਡ ਮਹਿਲ ਕਲਾਂ ਤੋਂ ਸਭਾ ਦੇ ਸਕੱਤਰ ਜਗਦੀਸ਼ ਦੱਤ ਦੇ ਭਰਾ, ਬੇਰੁਜ਼ਗਾਰ ਅਧਿਆਪਕ ਭਗਵੰਤ ਸਿੰਘ ਦੇ ਪਿਤਾ ਤੇ ਇਕ ਭਰਾ ਤੇ ਦੋ ਹੋਰ ਵਿਅਕਤੀਆਂ ਨੂੰ ਪੁਲਸ ਨੇ ਹਿਰਾਸਤ 'ਚ ਲੈ ਲਿਆ। ਦੋ ਅਧਿਆਪਕਾਂ ਸੋਹਨ ਸਿੰਘ ਤੇ ਮਹਿੰਦਰ ਸਿੰਘ ਨੂੰ ਫੜ ਕੇ ਕੁਝ ਚਿਰ ਬਾਦ ਛੱਡਿਆ ਗਿਆ। ਪਿੰਡ ਕਾਹਨੇਕੇ ਦੇ ਇਕ ਅਧਿਆਪਕ ਮਿੱਠੂ ਸਿੰਘ ਨੂੰ ਉਸਦੇ ਸਕੂਲ 'ਚੋਂ ਤੇ ਪਿੰਡ ਦੇ 20-25 ਵਿਅਕਤੀਆਂ ਨੂੰ ਹਿਰਾਸਤ 'ਚ ਰੱਖਿਆ ਗਿਆ। ਇਸੇ ਤਰ੍ਹਾਂ ਪਿੰਡ ਧੌਲਾਂ ਦੇ ਅਧਿਆਪਕ ਸੁਗਰਾਜ ਸਿੰਘ, ਪਿੰਡ ਜੋਧਪੁਰ ਦੇ ਅਧਿਆਪਕ ਬੰਤ ਸਿੰਘ ਤੇ ਪਿੰਡ ਸਹਿਣਾ ਦੇ ਇਕ ਮੁਲਾਜ਼ਮ ਕਰਮ ਸਿੰਘ ਨੂੰ ਉਨ੍ਹਾਂ ਦੀਆਂ ਡਿਊਟੀਆਂ ਤੋਂ ਗ੍ਰਿਫਤਾਰ ਕੀਤਾ ਗਿਆ ਤੇ ਝੂਠੇ ਕੇਸ ਮੜ੍ਹ ਦਿੱਤੇ ਗਏ। ਪਿੰਡ ਕਾਲੇਕੇ ਸਕੂਲ ਦੇ ਦੋ ਵਿਦਿਆਰਥੀ ਪਿੰਡ ਰਾਜ਼ੀਏ ਦਾ ਇਕ ਅਤੇ ਪਿੰਡ ਜੋਧਪੁਰ ਦੇ ਅਮਰਜੀਤ ਸਿੰਘ ਦੇ ਦੋ ਭਰਾਵਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਸਦੇ ਤੇ ਪਿੰਡ ਚੀਮੇ ਦੇ ਨੌਜਵਾਨ ਦੇ ਘਰੀਂ ਲਗਾਤਾਰ ਪੁਲਸ ਛਾਪੇ ਜਾਰੀ ਹਨ।

ਇਸ ਇਲਾਕੇ 'ਚ ਪੰ: ਸਟੂ. ਯੂ. ਦੇ ਵਰਕਰਾਂ ਦਰਸ਼ਨ ਸਿੰਘ ਪਿੱਥੋ ਦਾ ਪਿਤਾ, ਇਕ ਭਰਾ ਤੇ ਇਕ ਸੀਰੀ, ਨਵਤੇਜ ਸਿੰਘ ਉਗੋਕੇ ਦਾ ਪਿਤਾ ਤੇ ਇਕ ਸੀਰੀ ਅਤੇ ਅੰਡਿਆਏ ਦੇ ਨਰੇਸ਼ ਕੁਮਾਰ ਦੇ ਪਿਤਾ ਅਧਿਆਪਕ ਗਿਆਨ ਚੰਦ ਨੂੰ 107/51 ਅਧੀਨ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿੱਤਾ ਗਿਆ। ਇਸ ਤੋਂ ਬਿਨਾਂ ਦੋ ਮੁਲਾਜ਼ਮਾਂ —ਸੰਪੂਰਨ ਸਿੰਘ ਐਸ. ਏ. ਵੀ. ਸੀ. ਤੇ ਧੌਲਾ ਦੇ ਇਕ ਕੋ: ਅਪ: ਸੋਸਾਇਟੀ ਦੇ ਸਕੱਤਰ ਦੀ ਪੁਲਸ ਭਾਲ ਕਰ ਰਹੀ ਹੈ।

**ਇਲਾਕਾ ਜੈਤੋ**—ਇਸ ਇਲਾਕੇ 'ਚ ਕੁਝ ਸਮਾਂ ਪਹਿਲਾਂ ਪੁਲੀਸ ਵਲੋਂ ਸਭਾ 'ਤੇ ਕੀਤੇ ਮਾਰੂ ਹਮਲੇ ਦੇ ਬਾਵਜੂਦ ਵੀ ਵਧ ਰਹੀਆਂ ਸਭਾ ਦੀਆਂ ਸਰਗਰਮੀਆਂ ਤੇ ਇਸ ਦੇ ਪ੍ਰਭਾਵ ਨੂੰ ਖਤਮ ਕਰਨ ਦੀ ਕੋਸ਼ਿਸ਼ ਨਾਲ ਹੁਣ ਫੇਰ ਵੱਡੇ ਪੱਧਰ 'ਤੇ ਸਭਾ ਦੇ ਮੈਂਬਰਾਂ ਦੀਆਂ ਗ੍ਰਿਫਤਾਰੀਆਂ ਕੀਤੀਆਂ ਗਈਆਂ ਹਨ। ਪਿੰਡ ਜੈਤੋਂ ਤੋਂ 10, ਭਗਤੂਆਣੇ ਤੋਂ 14, ਡੇਲਿਆਂਵਾਲੀ ਤੋਂ 4, ਪਿੰਡ ਦੋਦੇ ਤੋਂ 2, ਪਿੰਡ ਛੱਤੇਆਣੇ ਤੋਂ 2 ਤੇ ਪਿੰਡ ਭਲਾਈਆਣੇ ਤੋਂ 4 ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਜਿਨ੍ਹਾਂ 'ਚ 8 ਹਰੀਜਨ ਤੇ ਦੋ ਸਰਕਾਰੀ ਮੁਲਾਜ਼ਮ ਹਨ।

ਇਸ ਤੋਂ ਬਿਨਾਂ ਬਠਿੰਡਾ ਨੇੜੇ ਪਿੰਡ ਕੱਚੀ ਭੁੱਚੋ, ਪਿੰਡ ਮਹਿਤਾ, ਅਕਾਲੀਆਂ ਕਲਾਂ ਦੇ ਨੌਜਵਾਨਾਂ ਤੇ ਪੀ: ਸਟੂ: ਯੂ: ਦੇ ਐਕਟਿੰਗ ਜ਼ੋਨਲ ਸਕੱਤਰ ਇੰਦਰਪਾਲ ਸਿੰਘ ਦੀ ਗਿਰਫਤਾਰੀ ਲਈ ਪਿੰਡ ਖਿਆਲੀ ਕਲਾਂ 'ਚ ਲਗਾਤਾਰ ਛਾਪੇ ਮਾਰੇ ਜਾ ਰਹੇ ਹਨ।

## ਇਸਤਰੀਆਂ 'ਤੇ ਜਬਰ ਤੇ ਗ੍ਰਿਫਤਾਰੀਆਂ

ਕਾਂਗਰਸੀ ਹਾਕਮਾਂ ਦੀ ਥਾਂ ਗੱਦੀ ਸਾਂਭਣ ਤੋਂ ਬਾਦ ਬਾਦਲ ਤੇ ਹੋਰ ਅਕਾਲੀ ਲੀਡਰਾਂ ਨੇ ਵੱਡੇ ਵੱਡੇ ਬਿਆਨ ਦਾਗੇ ਸਨ ਕਿ ਹੁਣ ਤੋਂ ਇਸਤਰੀਆਂ ਨੂੰ ਪੁੱਛ ਗਿੱਛ ਲਈ ਮਰਦਾਵੀਂ ਪੁਲਸ ਦੀ ਵਰਤੋਂ ਨਹੀਂ ਕੀਤੀ ਜਾਵੇਗੀ ਤੇ ਨਾਂ ਹੀ ਉਨ੍ਹਾਂ ਨੂੰ ਠਾਣਿਆਂ 'ਚ ਲਿਜਾਇਆ ਜਾਇਆ ਕਰੇਗਾ। ਪਰ ਬੁੱਚੜ ਪੁਲਸ ਅਧਿਕਾਰੀਆਂ ਤੇ, ਪੀ. ਏ. ਪੀ. ਦੀਆਂ ਧਾੜਾਂ ਪਿੰਡਾਂ 'ਚ ਕੀਤੇ ਜਬਰ ਤਸ਼ੱਦਦ ਦੌਰਾਨ ਇਸਤਰੀਆਂ 'ਤੇ ਕੀਤਾ ਗਿਆ ਜਬਰ, ਉਨ੍ਹਾਂ ਦੀ ਬੇਇੱਜ਼ਤੀ ਤੇ ਗ੍ਰਿਫਤਾਰੀਆਂ, ਹਾਕਮਾਂ ਦੇ ਉਪਰੋਕਤ ਬਿਆਨਾਂ ਦੀ ਖਿੱਲੀ ਉਡਾਉਂਦੇ ਹਨ। ਇਸ ਦਮਨਚੱਕਰ ਦੌਰਾਨ ਕੁੱਲ 25 ਇਸਤਰੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਜਾਂ ਥਾਣੇ ਲਿਜਾਇਆ ਗਿਆ। ਜਿਨ੍ਹਾਂ 'ਚ ਦੋ ਛੋਟੀਆਂ ਬੱਚੀਆਂ, ਦੋ 14 ਤੇ 17 ਸਾਲ ਦੀਆਂ ਨਾਬਾਲਗ ਕੁੜੀਆ ਅਤੇ ਛੇ 50 ਸਾਲ ਤੋਂ ਉਪਰ ਦੀਆਂ ਬਿਰਧ ਔਰਤਾਂ ਸ਼ਾਮਲ ਹਨ। ਪਿੰਡ ਸਿਰਿਆਂ ਦੀ ਤੇਜ ਕੌਰ (ਉਮਰ 60 ਸਾਲ), ਪਿੰਡ ਗਿੱਲਪੱਤੀ ਤੋਂ ਸੀਤੋ (ਹਰੀਜਨ 50 ਸਾਲ), ਬਚਨ ਕੌਰ (ਹਰੀਜਨ 55 ਸਾਲ), ਗੁਰਦਿਆਲ ਕੌਰ ਤੇ ਬਸੰਤ ਕੌਰ, ਪਿੰਡ ਢਪਾਲੀ ਦੀ ਸਭਾ ਦੇ ਸਕੱਤਰ ਦੀ ਮਾਂ, ਪਿੰਡ ਜੇਠੂਕੇ ਦੇ ਮੈਂਬਰ ਜੀਤ ਸਿੰਘ ਦੀ ਭੈਣ, ਇਸ ਦੀ ਇਕ ਹੋਰ ਕੁੜੀ ਤੇ ਭੋਲਾ ਸਿੰਘ ਸਿਧਾਣਾ ਦੀ 60 ਸਾਲ ਦੀ ਉਮਰ ਦੀ ਬਿਰਧ ਤੇ ਬਿਮਾਰ ਮਾਂ ਨੂੰ ਪੁਲਸੀ ਦਰਿੰਦਿਆਂ ਨੇ ਡਾਂਗਾਂ ਤੇ ਬੈਂਤਾਂ ਨਾਲ ਕੁੱਟ ਮਾਰ ਕੀਤੀ। ਗੰਦੀਆਂ ਗਾਲ੍ਹਾਂ, ਧਮਕੀਆਂ ਤੇ ਬੋਲ ਕਬੋਲ ਬੋਲ ਕੇ ਸੱਥਾਂ ਤੇ ਠਾਣਿਆਂ 'ਚ ਇਸਤਰੀਆਂ ਦੀ ਬੇਇੱਜ਼ਤੀ ਕੀਤੀ ਗਈ। ਉਨ੍ਹਾਂ ਦਾ 'ਕਸੂਰ' ਸਿਰਫ ਇਹ ਸੀ ਕਿ ਉਹ ਨੌਜਵਾਨਾਂ ਵਰਕਰਾਂ, ਵਿਦਿਆਰਥੀਆਂ ਜਾਂ ਇਨਸਾਫ ਪਸੰਦ ਵਿਅਕਤੀਆਂ ਦੀਆਂ ਸਾਕ-ਸੰਬੰਧੀ ਹਨ।

## ਝੂਠੇ ਮਕੱਦਮਿਆਂ ਦੀ ਭਰਮਾਰ

ਸ਼ਹੀਦ ਰੰਧਾਵਾ ਦੇ ਕਾਤਲਾਂ ਨੂੰ ਗ੍ਰਿਫਤਾਰ ਕਰਨ 'ਚ ਭੋਰਾ ਭਰ ਵੀ ਹਰਕਤ ਨਾ ਕਰਨ ਵਾਲੀ ਪੁਲਸ ਨੇ ਨੌਜਵਾਨਾਂ ਵਿਦਿਆਰਥੀਆਂ ਤੇ ਉਨ੍ਹਾਂ ਦੇ ਸਾਕ-ਸੰਬੰਧੀਆਂ ਤੇ ਤਸ਼ੱਦਦ ਕਰਨ, ਕਚਹਿਰੀਆਂ ਦੇ ਗੇੜ 'ਚ ਪਾਕੇ ਉਨ੍ਹਾਂ ਨੂੰ ਖੱਜਲ-ਖੁਆਰ ਕਰਨ ਤੇ ਉਹਨਾਂ ਦੇ ਮਨਾਂ 'ਚ ਦਹਿਸ਼ਤ ਪਾਉਣ ਦੇ ਮਨਸ਼ੇ ਨਾਲ ਧੜਾ ਧੜਾ ਇਰਾਦਾ ਕਤਲ ਵਰਗੇ ਸੰਗੀਨ ਜੁਰਮ ਤੇ ਭਾਰਤੀ ਦੰਡਾਵਲੀ ਦੀਆਂ ਦਰਜਨਾਂ ਧਾਰਾਵਾਂ 307, 402, 452, 436, 332, 353, 186, 148, 149 ਆਈ.ਪੀ.ਸੀ. 25 ਐਕਟ-ਆਧੀਨ ਝੂਠੇ ਕੇਸ ਮੜ੍ਹ ਦਿਤੇ ਗਏ ਹਨ। ਬਰਨਾਲੇ 'ਚ ਪੁਲਸ ਨੇ ਕੇਸ 'ਚ 500 ਵਿਅਕਤੀ ਹੋਰ ਦੱਸ ਕੇ ਐਫ. ਆਈ. ਆਰ. ਖੁੱਲ੍ਹੀ ਰੱਖੀ ਗਈ ਹੈ ਜਾਨੀ ਉਹ ਜਿਸ ਵਿਅਕਤੀ ਨੂੰ ਚਾਹੁਣ ਫੜਕੇ ਇਸ 'ਚ ਰੱਖ ਲੈਣ। ਇਸ ਇਲਾਕੇ 'ਚ ਵਿਦਿ: ਤੇ ਨੌਜਵਾਨਾਂ ਦੇ ਮਾਪਿਆਂ ਨੂੰ 107/51 ਅਧੀਨ ਜੇਲਾਂ 'ਚ ਡੱਕ ਦਿੱਤਾਂ ਹੈ ਤੇ 50-50 ਹਜ਼ਾਰ ਦੀਆਂ ਜ਼ਮਾਨਤਾਂ

ਮੰਗੀਆਂ ਜਾ ਰਹੀਆਂ ਹਨ । ਮੋਗੇ 'ਚ ਤਿੰਨ ਬੇਰੁਜ਼ਗਾਰ ਅਧਿਆਪਕਾਵਾਂ ਨੂੰ ਵੀ ਝੂਠੇ ਇਰਾਦਾ ਕਤਲ ਕੇਸਾਂ ਅਧੀਨ ਗ੍ਰਿਫਤਾਰ ਕੀਤਾ ਗਿਆ ਹੈ । ਜੈਤੋ 'ਚ ਬਿਨਾਂ ਕਿਸੇ ਅਖੌਤੀ ਹਿੰਸਕ ਘਟਨਾਂ ਦੇ 38 ਨੌਜੁਵਾਨਾਂ ਨੂੰ ਸੈਕਸ਼ਨ 124-ਏ ਅਧੀਨ ਗ੍ਰਿਫਤਾਰ ਗਿਆ ਹੈ ।

## ਨੌਜਵਾਨ-ਵਿਦਿਆਰਥੀ ਲਹਿਰ ਤੇ ਐਡਾ ਕਟਕ ਕਿਉਂ ?

ਨੌਜਵਾਨ ਭਾਰਤ ਸਭਾ ਪੇਂਡੂ ਨੌਜਵਾਨਾਂ ਦੀ ਜਮਹੂਰੀ ਜਥੇਬੰਦੀ ਹੈ ਅਤੇ ਆਪਣੀ ਸਥਾਪਨਾ ਦੇ ਵੇਲੇ ਤੋਂ ਲੈਕੇ ਹੀ ਇਹ ਪਿੰਡਾਂ ਅੰਦਰ ਸਮਾਜਕ ਜਬਰ, ਪੁਲਸੀ ਧੱਕੇ ਤੇ ਹੋਰ ਗੈਰ-ਜਮਹੂਰੀ ਤੇ ਧੱਕੜਪੁਣੇ ਦੀਆਂ ਤਾਕਤਾਂ ਨਾਲ ਭਿੜਦੀ ਆ ਰਹੀ ਹੈ । ਪਿੰਡਾਂ ਦੇ ਅਨਪੜ੍ਹ ਤੇ ਅੱਧਪੜ੍ਹ ਲੋਕਾਂ ਵਿਚ ਉਹਨਾਂ ਦੇ ਹੱਕਾਂ ਦੀ ਸੋਝੀ ਦਾ ਪਸਾਰਾ ਕਰਨ ਦੇ ਨਾਲ 2 ਪਿੰਡਾਂ ਵਿਚ ਸਾਂਝੇ ਉੱਦਮ ਦੀ ਲੋੜ ਖੁਣੋਂ ਅਣਕੀਤੇ ਪਏ ਸਮਾਜ ਭਲਾਈ ਦੇ ਕੰਮਾਂ ਵਿਚ ਨੌਜਵਾਨਾਂ ਤੇ ਲੋਕਾਂ ਨੂੰ ਲਾਮਬੰਦ ਕਰਦੀ ਆ ਰਹੀ ਹੈ । ਪਿੰਡਾਂ ਅੰਦਰ ਧਨਾਢ ਲਾਣੇ ਤੇ ਜਾਗੀਰਦਾਰਾਂ ਦੀਆਂ, ਕਮਜ਼ੋਰ ਤਬਕਿਆਂ 'ਤੇ ਕੀਤੀਆਂ ਜਾਂਦੀਆਂ ਵਧੀਕੀਆਂ ਅਤੇ ਹਰੀਜਨਾਂ 'ਤੇ ਹੋਣ ਵਾਲੇ ਜਬਰ ਵਿਰੁੱਧ ਨੌਜਵਾਨਾਂ ਦੀ ਇਹ ਜਮਹੂਰੀ ਲਹਿਰ ਇੱਕ ਕਾਰਗਰ ਰੋਕ ਬਣੀ ਹੋਈ ਹੈ । ਇਸ ਤਰ੍ਹਾਂ ਹੀ ਪੇਂਡੂ ਕਿਸਾਨਾਂ ਦੀ ਹੁੰਦੀ ਲੁੱਟ-ਖਸੁੱਟ ਤੇ ਜਬਰ ਵਿਰੁੱਧ ਕਿਸਾਨ ਜਨਤਾ ਨੂੰ ਲਾਮਬੰਦ ਕਰਨ ਵਿੱਚ ਇਸ ਨੌਜਵਾਨ ਜਥੇਬੰਦੀ ਦਾ ਮੋਹਰੀ ਰੋਲ ਰਿਹਾ ਹੈ । ਆਪਣੀਆਂ ਇਹਨਾਂ ਕਾਰਵਾਈਆਂ ਕਰਕੇ ਇਹ ਨੌਜਵਾਨ ਜਥੇਬੰਦੀ ਪੇਂਡੂ ਲੋਕਾਂ ਤੇ ਖਾਸ ਕਰਕੇ ਗਰੀਬ ਤੇ ਪਛੜੇ ਹਰੀਜਨਾਂ ਅੰਦਰ ਇਹ ਦਿਨੋ ਦਿਨ ਹਰਮਨ-ਪਿਆਰੀ ਹੋ ਰਹੀ ਹੈ ਅਤੇ ਉਹ ਤੇਜ਼ੀ ਨਾਲ ਇਸ ਦੁਆਲੇ ਜੁੜ ਰਹੇ ਹਨ । ਨੌਜਵਾਨ ਭਾਰਤ ਸਭਾ ਦੇ ਰੂਪ ਵਿੱਚ ਮਿਲੀ ਇਸ ਢੋਈ ਕਾਰਨ ਗੈਰ-ਜਥੇਬੰਦੀ ਤੇ ਗਰੀਬ ਪੇਂਡੂ ਲੋਕਾਂ ਨੇ ਸਿਰ ਉੱਚਾ ਚੁੱਕ ਕੇ ਜਿਉਣ ਦੀ ਜੁਰਅੱਤ ਕਰਨੀ ਸ਼ੁਰੂ ਕਰ ਦਿੱਤੀ ਹੈ ਅਤੇ ਪੇਂਡੂ ਧਨਾਢਾਂ, ਘੜੰਮ ਚੌਧਰੀਆਂ ਤੇ ਹੋਰ ਵੈਲੀਆਂ-ਲਮਾੜਿਆਂ ਦੀ ਚੌਧਰ ਤੇ ਤਹਿਕੇ ਨੂੰ ਵੱਡੀ ਸੱਟ ਵੱਜੀ ਹੈ । ਇਹਨਾਂ ਲੋਕ-ਦੁਸ਼ਮਣ ਤਾਕਤਾਂ ਤੇ ਇਹਨਾਂ ਦੀ ਪਿੱਠ ਪੂਰਨ ਵਾਲੇ ਸਰਕਾਰੀ ਅਫਸਰਾਂ ਤੇ ਪੁਲਸ ਨੂੰ ਇਹ ਜਥੇਬੰਦੀ ਵਿਹੁ ਵਰਗੀ ਲੱਗਦੀ ਹੈ ।

ਪੰਜਾਬ ਦੀ ਮੌਜੂਦਾ ਹੁਕਮਰਾਨ ਅਕਾਲੀ ਪਾਰਟੀ ਪੇਂਡੂ ਧਨੀਆਂ ਤੇ ਜਾਗੀਰਦਾਰਾਂ ਦੀ ਪਾਰਟੀ ਹੈ । ਪਿੰਡਾਂ ਅੰਦਰ ਇਹਨਾਂ ਮਾਲਦਾਰ ਘਰਾਣਿਆਂ ਦੀ ਪੁੱਗਤ ਅਕਾਲੀ ਪਾਰਟੀ ਦੀ ਹਕੂਮਤੀ ਤਾਕਤ ਦਾ ਅਧਾਰ ਹੈ । ਪੇਂਡੂ ਚੌਧਰੀਆਂ ਤੇ ਧਨੀਆਂ ਜਾਗੀਰਦਾਰਾਂ ਦੀ ਚੌਧਰ ਨੂੰ ਪਿਆ ਖੋਰਾ ਅਕਾਲੀ ਪਾਰਟੀ ਦੇ ਵੋਟ-ਆਧਾਰ ਨੂੰ ਸੁੰਗੇੜ ਰਿਹਾ ਹੈ । ਇਸ ਲਈ ਅਕਾਲੀ ਪਾਰਟੀ ਦੇ ਇਹਨਾਂ ਥੰਮਾਂ ਦੀ ਘਟਦੀ ਪੁੱਗਤ ਮੋੜਵੇਂ ਰੂਪ ਵਿੱਚ ਹੁਕਮਰਾਨ ਪਾਰਟੀ ਦਾ ਸਿਆਸੀ-ਸਮਾਜਕ ਅਧਾਰ ਸੀਮਤ ਕਰ ਰਹੀ ਹੈ । ਸ਼ਹਿਰੀ ਲੋਕਾਂ ਦੀ ਹਮਦਰਦੀ ਤੇ ਹਮਾਇਤ ਤੋਂ ਪਹਿਲਾਂ ਹੀ ਵਾਂਝੇ ਅਕਾਲੀ ਜਾਗੀਰਦਾਰ ਸਿਆਸਤਦਾਨਾਂ ਲਈ ਅਜਿਹਾ ਹਰਜਾ ਜਰਨਾ ਔਖਾ ਹੋ ਰਿਹਾ ਹੈ ਅਤੇ ਆਪਣੇ ਗੜ੍ਹ ਵਿੱਚ ਉੱਠਣ ਵਾਲੀ ਇਸ ਬਗਾਵਤ ਦਾ ਉਹ ਜੰਮਦਿਆਂ ਹੀ ਗਲਾ ਘੁੱਟਣ ਦੇ ਰਾਹ ਪੈ ਗਏ ਹਨ ।

ਅਕਾਲੀ ਹੁਕਮਰਾਨਾਂ ਦੇ ਪੇਂਡੂ ਨੌਜਵਾਨ ਲਹਿਰ ਵੱਲ ਧਾਰੇ ਇਸ ਮਾਰ ਮੁਕਾਊ ਰਵਈਏ ਦਾ ਉੱਘੜਵਾਂ ਝਲਕਾਰਾ ਪਿਛਲੇ ਸਤੰਬਰ ਵਿੱਚ ਜੈਤੋ ਪਾਰਵਤੀ ਕਤਲ ਕਾਂਡ ਵੇਲੇ ਦੇਖਣ ਵਿੱਚ ਆਇਆ ਜਦੋਂ ਅਕਾਲੀ ਹੁਕਮਰਾਨਾਂ ਦੀ ਪੁਲਸ ਨੇ ਪਾਰਵਤੀ ਦੇ ਕਾਤਲਾਂ ਨੂੰ ਫੜਨ ਦੀ ਥਾਂ ਨੌਜਵਾਨ ਜਥੇਬੰਦੀ ਨੂੰ ਕੁਚਲਣ ਲਈ ਵੱਡੀ ਪੱਧਰ ਤੇ ਪੁਲਸ ਕਾਰਵਾਈ ਕੀਤੀ । ਅਕਾਲੀ ਵਜ਼ੀਰਾਂ ਤੇ ਸਥਾਨਕ ਅਕਾਲੀ ਚੌਧਰੀਆਂ ਦੀ ਦੇਖ-ਰੇਖ ਹੇਠ ਸਭਾ ਦਾ ਤੁਖਮ ਮਿਟਾਉਣ ਲਈ ਜੈਤੋ ਇਲਾਕੇ ਦੇ ਪਿੰਡਾਂ 'ਤੇ ਪੁਲਸੀ ਲਸ਼ਕਰਾਂ ਨੇ ਕਟਕ ਚਾੜ੍ਹ ਦਿੱਤਾ ਅਤੇ ਕੋਈ 35 ਦੇ ਕਰੀਬ ਨੌਜਵਾਨਾਂ ਨੂੰ ਝੂਠ ਇਰਾਦਾ ਕਤਲ ਕੇਸ ਤੇ ਹੋਰ ਸੰਗੀਨ ਜੁਰਮਾਂ 'ਚ ਉਲਝਾਉਣ ਦੇ ਨਾਲ 2 ਪਿੰਡਾਂ ਅੰਦਰ ਅੰਨ੍ਹੇਵਾਹ ਕੁਟਾਪਾ ਤੇ ਮਾਰ-ਧਾੜ ਕੀਤੀ । ਉਦੋਂ ਤੋਂ ਲੈਕੇ ਅਕਾਲੀ ਹਾਕਮਾਂ ਤੇ ਇਹਨਾਂ ਦੀ ਪੁਲਸ ਦਾ ਵਤੀਰਾ ਹੋਰ ਦਾ ਹੋਰ ਜ਼ਾਲਮ ਤੇ ਰਾਖਸ਼ੀ ਬਣਦਾ ਚਲਾ ਗਿਆ ।


ਸ਼ਹਿਰੀ ਖਿੱਤੇ ਅੰਦਰ ਪੜ੍ਹੇ ਲਿਖੇ ਨੌਜਵਾਨਾਂ ਵਿਦਿਆਰਥੀਆਂ ਦੀ ਸੁੱਮਣੀ ਜਥੇਬੰਦੀ ਪੰਜਾਬ ਸਟੂਡੈਂਟਸ ਯੂਨੀਅਨ ਵੀ ਲੰਬੇ ਚਿਰ ਤੋਂ ਵਿਦਿਅਕ ਅਫਸਰਸ਼ਾਹਾਂ ਤੇ ਸਰਕਾਰੀ ਅਧਿਕਾਰੀਆਂ ਦੀਆਂ ਧੱਕੇਸ਼ਾਹੀਆਂ ਤੇ ਪੁਲਸ ਜਬਰ ਵਿਰੁੱਧ ਵਿਦਿਆਰਥੀ ਹੱਕਾਂ ਦੀ ਰਾਖੀ ਲਈ ਘੋਲ ਕਰਦੀ ਆ ਰਹੀ ਹੈ । ਨੌਜਵਾਨਾਂ ਦੀਆਂ ਇਹ ਦੋਨੋਂ ਸਿਰ ਕੱਢ ਜਥੇਬੰਦੀਆਂ ਦੀ ਜੋਟੀ ਪੰਜਾਬ ਦੀ ਉਸਰਦੀ ਜਮਹੂਰੀ ਲਹਿਰ ਦੀ ਝੰਡਾਬਰਦਾਰ ਬਣੀਆਂ ਹੋਈਆਂ ਹੈ ਅਤੇ ਸਰਕਾਰੀ ਤੇ ਸਮਾਜਕ ਜਬਰ ਵਿਰੁੱਧ ਜ਼ਬਰਦਸਤ ਚੁਣੌਤੀ ਦਾ ਪ੍ਰਤੀਕ ਹੈ । ਸੂਝਵਾਨ ਨੌਜਵਾਨਾਂ ਦੀ ਇਹ ਜੂਝ ਰਹੀ ਤਾਕਤ ਸਮੇਂ ਦੇ ਹਾਕਮਾਂ ਤੇ ਹਨੇਰ ਦੀਆਂ ਹੋਰ ਤਾਕਤਾਂ ਦੇ ਕਾਲਜੇ ਹੌਲ ਪਾ ਰਹੀ ਹੈ ।

ਨੌਜਵਾਨ-ਵਿਦਿਆਰਥੀ ਲਹਿਰ ਦੇ ਨਿਧੜਕ ਜਰਨੈਲ ਪ੍ਰਿਥੀਪਾਲ ਸਿੰਘ ਰੰਧਾਵਾ ਦੀ ਦਰਦਨਾਕ ਮੌਤ ਨੇ ਪੰਜਾਬ ਦੀ ਜਵਾਨੀ ਨੂੰ ਝੰਜੋੜ ਕੇ ਰੱਖ ਦਿੱਤਾ । ਇਸ ਮਹਿਬੂਬ ਆਗੂ ਦੀ ਮੌਤ ਨੌਜਵਾਨ ਪੀੜ੍ਹੀ ਲਈ ਸਪੱਸ਼ਟ ਚੁਣੌਤੀ ਸੀ । ਕਾਲਜ ਬੰਦ ਹੋਣ ਕਾਰਨ ਨੌਜਵਾਨ ਭਾਰਤ ਸਭਾ ਇਸ ਦਰਦਨਾਕ ਕਤਲ ਵਿਰੁੱਧ ਉੱਠਣ ਵਾਲੀ ਰੋਸ-ਲਹਿਰ ਦਾ ਕੇਂਦਰ ਬਣੀ ਅਤੇ ਨੌਜਵਾਨਾਂ ਨੇ ਕਾਤਲਾਂ ਦੀ ਗ੍ਰਿਫਤਾਰੀ ਦੀ ਮੰਗ ਕਰਨ ਲਈ ਜ਼ੋਰਦਾਰ ਆਵਾਜ਼ ਉਠਾਈ ਤੇ ਅਣਗਿਣਤ ਥਾਵਾਂ ਤੇ ਰੈਲੀਆਂ ਤੇ ਮੁਜ਼ਾਹਰੇ ਜਥੇਬੰਦ ਕੀਤੇ ।

ਵਿਦਿਆਰਥੀਆਂ ਤੇ ਨੌਜਵਾਨਾਂ ਅੰਦਰ ਉੱਠੇ ਗੁੱਸੇ ਦੇ ਤੂਫਾਨ ਨੂੰ ਸ਼ਾਂਤ ਕਰਨ ਲਈ ਸਰਕਾਰੀ ਅਧਿਕਾਰੀ ਉੱਕਾ ਹੀ ਨਾਕਾਬਲ ਤੇ ਕੁੱਢਰ ਸਾਬਤ ਹੋਏ । ਅਧਿਕਾਰੀਆਂ ਦੀਆਂ ਘੁਰਕੀਆਂ ਸ਼ਹੀਦ ਪ੍ਰਿਥੀਪਾਲ ਰੰਧਾਵਾ ਦੇ ਕਾਤਲਾਂ ਨੂੰ ਬਚਾਉਣ ਲਈ ਪੁਲਸ ਅਫਸਰਾਂ ਵਲੋਂ ਹੋਈਆਂ ਕੋਸ਼ਸ਼ਾਂ ਕਾਰਨ ਜਵਾਨੀ ਦਾ ਉੱਬਲਦਾ ਰੋਹ ਕਈ ਥਾਂਈ ਹਿੰਸਕ ਘਟਨਾਵਾਂ ਦੇ ਰੂਪ ਵਿੱਚ ਵਹਿ ਤੁਰਿਆ । ਇਹ ਘਟਨਾਵਾਂ ਨੌਜਵਾਨਾਂ ਅੰਦਰ ਪੁਲਸ ਵੱਲੋਂ ਗੁੰਡਿਆਂ ਨੂੰ ਫੜਨ ਵਿੱਚ ਦਿਖਾਈ ਲਾਪ੍ਰਵਾਹੀ ਵਿਰੁੱਧ ਰੋਹ ਦਾ ਵਿਖਾਵਾ ਸਨ । ਪਰ ਨੌਜਵਾਨਾਂ ਦੀ ਇਸ ਵਧਦੀ-ਫੁੱਲਦੀ ਤਾਕਤ ਦੀ ਸਿਰੀ ਨੱਪਣ ਲਈ ਚਿਰਾਂ ਤੋਂ ਤਿਲ ਮਿਲਾਉਂਦੇ ਪੁਲਸ ਅਫਸਰਾਂ ਤੇ ਅਕਾਲੀ-ਹਾਕਮਾਂ ਲਈ ਇਹ ਰੱਬੀ ਦਾਤ ਸੀ ਤੇ ਉਹਨਾਂ ਨੇ ਇਹ ਮੌਕਾ ਅਜਾਈਂ ਨਾਂ ਜਾਣ ਦਿੱਤਾ । ਇਸ ਤਰ੍ਹਾਂ ਪੁਲਸ ਅਧਿਕਾਰੀਆਂ ਵਲੋਂ ਪੀ. ਏ. ਪੀ. ਤੇ ਜ਼ਾਬਰ ਸਰਕਾਰੀ ਮਸ਼ੀਨਰੀ ਦੇ ਸਹਾਰੇ ਕੀਤੀ ਗਈ ਐਨੀ ਵੱਡੀ ਪੁਲਸ ਕਾਰਵਾਈ ਤੇ ਜਬਰਤਸ਼ੱਦਦ, ਅਮਨ-ਕਾਨੂੰਨ ਦੀ ਰਾਖੀ ਲਈ ਨਹੀਂ ਸਗੋਂ ਅਮਨ-ਕਾਨੂੰਨ ਬਚਾਉਣ ਦੇ ਨਾਂ ਹੇਠ ਪੰਜਾਬ 'ਚ ਨੌਜਵਾਨਾਂ-ਵਿਦਿਆਰਥੀਆਂ ਦੀ ਇਨਕਲਾਬੀ ਜਮਹੂਰੀ ਲਹਿਰ ਨੂੰ ਤਹਿਸ-ਨਹਿਸ ਕਰਨ ਲਈ-ਨੌਜਵਾਨਾਂ ਤੇ ਵਿਦਿਆਰਥੀਆਂ ਦੀ ਜਥੇਬੰਦ ਸ਼ਕਤੀ 'ਤੇ ਹੁਕਮਰਾਨਾਂ ਵਲੋਂ ਕੀਤਾ ਗਿਆ ਇਹ ਇਕ ਵਿਉਂਤਬੱਧ ਘਾਤਕ ਹਮਲਾ ਹੈ ।

(ਧੰਨਵਾਦ ਸਾਹਿਤ [illegible]'

# ਪੰਜਾਬੀ ਦੇ ਇਨਕਲਾਬੀ ਕਵੀ - ਸੰਤ ਰਾਮ ਉਦਾਸੀ



(ਕਵੀ ਉਦਾਸੀ ਤੇ ਵਤਨੋਂ ਦੂਰ ਦੇ ਸੰਪਾਦਕ ਦੀ ਮੁਲਾਕਾਤ ਦਾ ਕੁੱਝ ਹਿੱਸਾ।
-ਸਾਥੀ ਅਮਰੀਕ ਸਿੰਘ ਵਿਰਕ)

**ਸਾਥੀ:** ਉਦਾਸੀ ਜੀ ਤੁਸੀਂ ਪੰਜਾਬ ਦੇ ਇਸ ਸਮੇਂ ਦੇ ਮੋਢੀ ਲੋਕ ਕਵੀ ਦੇ ਤੌਰ ਤੇ ਜਾਣੇ ਜਾਂਦੇ ਹੋ। ਕੀ ਤੁਹਾਡੀ ਕਵਿਤਾ ਸ਼ੁਰੂ ਤੋਂ ਹੀ ਇਨਕਲਾਬੀ ਰਹੀ ਹੈ ਜਾਂ ਇਹ ਵੀ ਹੋਰ ਲੋਕਾਂ ਵਾਂਗ ਧਾਰਮਿਕ ਜਾਂ ਪਿਆਰ ਵਰਗੇ ਵਿਸ਼ਿਆਂ ਤੋਂ ਸਫਰ ਕਰਕੇ ਇਨ-ਕਲਾਬੀ ਮੋੜ ਵੱਲ ਮੁੜੀ ਹੈ?

**ਉਦਾਸੀ:** ਦੇਖੋ ਸਾਥੀ; ਜਿਥੋਂ ਤਾਈਂ ਕਿਸੇ ਵੀ ਲਿਖਾਰੀ ਨੂੰ ਮੋਢੀ ਮੰਨਣਾ ਇਹ ਠੀਕ ਨਹੀਂ ਹੁੰਦਾ, ਕਿਉਂਕਿ ਅਸੀਂ ਇਤਿਹਾਸ ਤੋਂ ਸਿਖਦੇ ਹਾਂ। ਸਾਥੋਂ ਬਹੁਤ ਚਿਰ ਪਹਿਲਾਂ ਕਵਿਤਾਵਾਂ ਲਿਖੀਆਂ ਗਈਆਂ ਨੇ ਤੇ ਸਾਥੋਂ ਬਹੁਤ ਚਿਰ ਪਹਿਲਾਂ ਇਨਕਲਾਬੀ ਇਤਿਹਾਸ ਲਿਖਿਆ ਗਿਆ ਹੈ। ਮੈਂ ਤਾਂ ਉਸ ਲੰਮੀ ਕਤਾਰ ਦਾ ਛੋਟਾ ਜਿਹਾ ਅੰਗ ਹਾਂ ਤੇ ਇਹ ਮੈਂ ਨਹੀਂ ਮੰਨਦਾ ਕਿ ਮੈਂ ਇਕ ਮੋਢੀ ਲੋਕ ਕਵੀ ਹਾਂ। ਮੈਥੋਂ ਬਹੁਤ ਪਹਿਲਾਂ ਲੋਕ ਕਵਿਤਾ ਲਿਖੀ ਜਾ ਚੁੱਕੀ ਹੈ। ਜਿਹੜੀ ਕਿ ਲੋਕ ਪੱਖੀ ਹੈ। ਅਤੇ ਦੱਬੇ ਕੁਚਲੇ ਲੋਕਾਂ ਦੇ ਹੱਕਾਂ ਦੀ ਨੁਮਾਇੰਦਗੀ ਕਰਦੀ ਹੈ। ਮੈਂ ਸਮਝਦਾ ਹਾਂ ਕਿ "ਹੱਕ ਪਰਾਇਆ ਨਾਨਕਾ ਉਸ ਸੂ ਉਸ ਗਾਇ, ਗੁਰ ਪੀਰ ਹਾਮਾਂ ਤਾਂ ਭਰੇ ਜਾਂ ਮੁਰਦਾਰ ਨਾ ਖਾਏ" ਜਾਂ ਗੁਰੂ ਗੋਬਿੰਦ ਸਿੰਘ ਜੀ ਦਾ - "ਖਾਲਸਾ ਮੇਰੋ ਰੂਪ ਹੈ ਖਾਸ, ਖਾਲਸੇ ਮੇਂ ਹੌਂ ਕਰੌਂ ਨਿਵਾਸ" ਇਹ ਜਿਹੜੀਆਂ ਕਵਿਤਾਵਾਂ ਲਿਖੀਆਂ ਗਈਆਂ ਨੇ ਜਾਂ ਬਾਣੀ ਲਿਖੀ ਗਈ ਸੀ। ਕਬੀਰ ਵਲੋਂ ਲਿਖੀ ਗਈ ਹੈ ਅਤੇ ਕਿੰਨੇ ਹੀ ਸਾਡੇ ਪੁਰਾਣੇ ਲਿਖਾਰੀਆਂ ਵਲੋਂ ਲਿਖੀ ਗਈ ਸੀ ਮੈਂ ਇਹਨਾਂ ਨੂੰ ਲੋਕ ਕਵਿਤਾ ਹੀ ਮੰਨਦਾ ਹਾਂ। ਸੋ ਮੈਂ ਆਪਣੇ ਆਪ ਨੂੰ ਮੋਢੀ ਲੋਕ ਕਵੀ ਨਹੀਂ ਸਮਝਦਾ। ਜਿਹੜਾ ਸਮੇਂ ਸਮੇਂ ਲੋਕਾਂ ਦੀ ਆਰਥਿਕ ਲੁੱਟ, ਲੋਕਾਂ ਦੀ ਸਮਾਜਿਕ ਅਤੇ ਧਾਰਮਿਕ ਲੁੱਟ ਦੇ ਖਿਲਾਫ ਲਿਖਦਾ ਰਿਹਾ ਜਾਂ ਬੋਲਦਾ ਰਿਹਾ ਮੈਂ ਉਸਨੂੰ ਲੋਕਾਂ ਦਾ ਨੁਮਾਇੰਦਾ ਕਵੀ ਸਮਝਦਾ ਹਾਂ। ਸੋ ਮੈਂ ਉਸ ਇਕ ਲੰਮੇ ਇਤਿਹਾਸ ਦੀ ਇਕ ਨਿੱਕੀ ਜਿਹੀ ਕੜੀ ਹਾਂ ਪਰ ਮੈਂ ਆਪਣੇ ਆਪ ਨੂੰ ਮੁੱਢਲਾ ਲੋਕ ਕਵੀ ਨਹੀਂ ਮੰਨਦਾ, ਬੇਸ਼ਕ ਮੈਨੂੰ ਸਨਮਾਨ ਲੋਕ ਕਵੀ ਦੇ ਤੌਰ ਤੇ ਬਾਵਾ ਬਲਵੰਤ ਟਰੱਸਟ ਢੁੱਡੀਕੇ ਨੇ ਪਹਿਲਾ ਇਨਾਮ ਦਿੱਤਾ ਹੈ। ਪਰ ਫਿਰ ਵੀ ਮੈਂ ਆਪਣੇ ਆਪ ਨੂੰ ਪਹਿਲਾ ਲੋਕ ਕਵੀ ਨਹੀਂ ਸਮਝਦਾ। ਵੈਸੇ ਪਹਿਲਾਂ ਬਹੁਤ.... ਚਿਰ ਪਹਿਲਾਂ ਬਹੁਤ ਚੰਗੀਆਂ ਗੱਲਾਂ ਕਹੀਆਂ ਜਾ ਚੁੱਕੀਆਂ ਹਨ ਲੋਕ ਪੱਖ ਦੇ ਵਿਚ।

**ਸਾਥੀ:** ਇਹਦੇ ਨਾਲ ਹੀ ਪੁਛਣਾ ਚਾਹਿਆ ਸੀ ਕਿ ਕੀ ਤੁਹਾਡੀ ਕਵਿਤਾ ਹੋਰਨਾਂ ਲੋਕਾਂ ਵਾਂਗ ਸਫਰ ਕਰਕੇ ਇਨਕਲਾਬੀ ਮੋੜ ਵਲ ਆਈ?

**ਉਦਾਸੀ:** ਹਾਂ, ਇਤਿਹਾਸ ਤੋਂ ਵੱਟਣਾ ਜਾਂ ਜੋ ਸਾਨੂੰ ਇਤਿਹਾਸਕ ਪਦਾਰਥਵਾਦ ਤੋਂ ਪ੍ਰਾਪਤ ਹੁੰਦਾ ਹੈ, ਉਸ ਤੋਂ ਅਸੀਂ ਅੱਗੇ ਇਤਿਹਾਸ ਦੇ ਨਵੇਂ ਵਰਕੇ ਫੋਲਦੇ ਹਾਂ, ਮੈਂ ਸਮਝਦਾ ਕਿ ... ਕੋਈ ਹੁੰਦਾ ਇਕ ਦਿਨ ਵਿਚ ਪ੍ਰਗਤੀਵਾਦੀ ਜਾਂ ਅੱਗੇ ਵਧੂ ਨਹੀਂ ਬਣ ਜਾਂਦਾ ਉਹ ਇਕ ਦੌਰ ਚੋਂ ਨਿਕਲ ਕੇ ਜੋ ਅੱਗੇ ਵਧੂ ਬਣਦਾ ਹੈ ਜਾਂ ਲੋਕ ਪੱਖੀ ਬਣਦਾ ਹੈ ਮੈਂ ਉਸਨੂੰ ਜ਼ਿਆਦਾ ਪਰਪੱਕ ਸਮਝਦਾ ਹਾਂ। ਜਿਹੜਾ ਇਕ ਦਮ ਬਣਿਆ ਹੁੰਦਾ ਉਹ ਕਦੇ ਵੀ ਡਿਗ ਸਕਦਾ ਹੈ। ਮੈਂ ਸਮਝਦਾ ਹਾਂ ਕਿ ਮੇਰੀ ਕਵਿਤਾ ਪਹਿਲਾਂ ਭਾਵੇਂ ਉਹ ਸਮਾਜਿਕ ਕਿਸਮਾਂ ਦੇ ਉਲਟ ਸੀ ਭਾਵੇਂ ਉਹ ਧਾਰਮਿਕ ਕਿਸਮਾਂ ਦੇ ਉਲਟ ਸੀ ਤੇ ਪਰਾਰਥਿਕ ਜਾਂ ਆਰਥਿਕ ਲੁੱਟ ਦੇ ਮਗਰੋਂ ਮੇਰੀ ਕਵਿਤਾ ਉਲਟ ਹੋਈ ਆ। ਸੋ ਪਹਿਲਾਂ ਮੈਂ ਧਾਰਮਿਕ ਕਵਿਤਾਵਾਂ ਲਿਖੀਆਂ, ਪਿਆਰ ਬਾਰੇ ਮੈਨੂੰ ਇੰਨਾ ਅਨੁਭਵ ਨਹੀਂ ਕਿਉਂਕਿ ਮੈਂ ਉਸ ਤਬਕੇ ਦੇ ਵਿਚ ਪੈਦਾ ਹੋਇਆ ਹਾਂ। ਜਿਥੇ ਲੋਕ ਪਿਆਰਨਾ ਦੇ ਹੀ ਪਾਤਰ ਹੁੰਦੇ ਨੇ ਤੇ ਭਾਰ ਢੋਂਦੇ ਉਹਨਾਂ ਦੇ ਪਿਆਰਨਾ ਹੀ ਪਿਆਰਨਾ ਹੁੰਦੀ ਹੈ। ਤੇ ਲੋਕ ਰਸਮਾਂ ਭਾਵੇਂ ਉਹ ਅਮੀਰ ਤੇ ਭਾਵੇਂ ਉਹ ਧਾਰਮਿਕ, ਕਿਸੇ ਸੰਪ੍ਰਦਾ ਦੇ ਨਾਲ ਸੰਬੰਧ ਰੱਖਦੇ ਹੋਣ ਸਾਰੇ ਉਸ ਤਬਕੇ

ਨੂੰ ਜਿਹੜੇ ਵਿਚ ਮੈਂ ਵਿਚਰ ਰਿਹਾਂ ਜਾਂ ਜਿਹੜੇ ਵਿਚ ਮੈਂ ਜੰਮਿਆਂ ਪਲਿਆਂ ਤੇ ਵੱਡਾ ਹੋਇਆ, ਉਹਨੂੰ ਚਾਰ ਚੁਫੇਰੇ ਪਿਆਰ ਦੀ ਪਿਆਸ ਦਾ ਸਾਹਮਣਾ ਕਰਨਾ ਪੈਂਦਾ। ਜੋ ਪਹਿਲਾਂ ਧਾਰਮਿਕ ਕਵਿਤਾ ਵੀ ਲਿਖੀ ਹੈ। ਪਿਆਰ ਮੈਨੂੰ ਮਿਲਿਆ ਹੀ ਕੋਈ ਨਹੀਂ। ਨਾ ਮੈਂ ਸਮਝਦਾ ਪਈ ਅਜੇਹੀਆਂ ਕਦਰਾਂ, ਕੀਮਤਾਂ ਵਿਚ ਪਿਆਰ ਕਿਸੇ ਨੂੰ ਮਿਲ ਸਕਦਾ ਹੈ। ਤੇ.... ਪਿਆਰ ਬਾਰੇ ਮੈਨੂੰ ਕੋਈ ਅਨੁਭਵ ਨਹੀਂ ਹੈ। ਸਾਡੇ ਲਿਖਾਰੀ ਆਮ ਤੌਰ ਤੇ ਪਿਆਰ ਨੂੰ ਨਿਜੀ ਪਿਆਰ ਹੀ ਸਮਝਦੇ ਹਨ। ਲੋਕਾਂ ਦਾ ਪਿਆਰ ਮੈਨੂੰ ਬਹੁਤ ਮਿਲਿਆ। ਉਹ ਦੇ ਬਾਰੇ ਮੈਨੂੰ ਅਨੁਭਵ ਵੀ ਹੈ ਅਤੇ ਮੈਂ ਲਿਖਦਾ ਵੀ ਹਾਂ। ਜੋ ਜੇ ਤੁਸੀਂ ਪਿਆਰ ਨੂੰ ਇਸ ਸਬੰਧ ਵਿਚ ਲੈਂਦੇ ਕਿ ਸਾਂਝਾ ਪਿਆਰ ਕੀ ਹੁੰਦਾ – ਨਿਜੀ ਪਿਆਰ ਕੀ ਹੁੰਦਾ – ਉਹ ਬਾਹਰਲਾ ਢੰਗਾ ਸੀਗਾ। ਪਰ ਮੈਂ ਬਹੁਤ ਸਾਰੀਆਂ ਧਾਰਮਿਕ ਕਵਿਤਾਵਾਂ ਵੀ ਲਿਖੀਆਂ ਨੇ। ਉਸ ਤੋਂ ਬਾਅਦ ਜਿਹੜਾ ਪਿਆਰ ਹੈ ਜਾਂ ਰੁਮਾਂਸ ਹੈ ਉਸਨੂੰ ਮੈਂ ਲੋਕ ਕਵਿਤਾ ਵਿਚ ਢਾਲਣ ਦੀ ਕੋਸ਼ਿਸ਼ ਕੀਤੀ ਹੈ। ਤੇ ਲੋਕਾਂ ਦੇ ਪਿਆਰ ਵਿਚ ਢਾਲਣ ਦੀ ਕੋਸ਼ਿਸ਼ ਕੀਤੀ ਹੈ। ਤੇ ਲੋਕਾਂ ਨੇ ਇਸ ਗੱਲ ਦਾ ਹੁੰਗਾਰਾ ਵੀ ਦਿੱਤਾ ਹੈ।

**ਸਾਧੂ:** ਤੁਸੀਂ ਸਟੇਜ ਤੇ ਕਵਿਤਾ ਗਾ ਕੇ ਇਨਕਲਾਬ ਦਾ ਸੁਨੇਹਾ ਹਜ਼ਾਰਾਂ ਉਹਨਾਂ ਲੋਕਾਂ ਤੱਕ ਪਹੁੰਚਾਇਆ ਹੈ ਜਿਹੜੇ ਖੁਦ ਪੜ੍ਹ ਨਹੀਂ ਸਕਦੇ। ਸਾਹਿਤ ਦੇ ਦੂਜੇ ਰੂਪ ਕਹਾਣੀ, ਨਾਵਲ ਤੇ ਡਰਾਮਾ ਉਨ੍ਹਾਂ ਬਾਰੇ ਤੁਹਾਡਾ ਕੀ ਖਿਆਲ ਹੈ। ਕਿ ਕੀ ਉਹ ਇਨਕਲਾਬੀ ਸੋਚ ਲੋਕਾਂ ਤਕ ਪਹੁੰਚਾਉਣ ਵਿਚ ਕਿਸੇ ਤਰ੍ਹਾਂ ਸਹਾਈ ਹੋ ਰਹੇ ਹਨ ਜਾਂ ਹੋ ਸਕਦੇ ਹਨ ਹਿੰਦੁਸਤਾਨ ਦੇ ਸਬੰਧ ਵਿਚ।

**ਉਦਾਸੀ:** ਦੇਖੋ ਮੈਂ ਇਹ ਸਮਝਦਾ ਪਈ ਚਾਹੇ ਉਹ ਤਕਰੀਰ ਹੀ ਹੈ, ਸਾਹਿਤ ਦੇ ਹੋਰ ਪੱਖਾਂ ਨੂੰ ਤੁਸੀਂ ਛੱਡੋ। ਚਾਹੇ ਤਕਰੀਰ ਵੀ ਆ ਉਹ ਲੋਕ ਪੱਖੀ ਕੀਤੀ ਜਾਂਦੀ ਆ ਤੇ ਲੋਕਾਂ ਦੇ ਦੁੱਖਾਂ ਸੁੱਖਾਂ ਦੀ ਨੁਮਾਇੰਦਗੀ ਤਰਜਮਾਨੀ ਉਹ ਕਰਦੀ ਤਕਰੀਰ ਵੀ ਆ ਉਹ ਵੀ ਮੈਂ ਸਮਝਦਾ ਕਿ ਸਾਹਿਤ ਦੀ ਇਕ ਕੜੀ ਆ। ਬਾਕੀ ਡਰਾਮਾ ਤਾਂ ਬਹੁਤ ਵੱਡਾ ਪ੍ਰਭਾਵ ਪਾਉਂਦਾ ਹੈ ਲੋਕਾਂ ਤੇ। ਜਿਵੇਂ ਸ: ਗੁਰਸ਼ਰਨ ਸਿੰਘ ਨਾਟਕ ਕਲਾ ਕੇਂਦਰ ਵਲੋਂ ਖੇਡਿਆ ਜਾ ਰਿਹਾ, ਬਰਨਾਲਾ ਨਾਟਕ ਕਲਾ ਕੇਂਦਰ ਵਲੋਂ, ਮੰਗੂਵਾਲ ਨਾਟਕ ਵਲੋਂ ਤੇ ਹੋਰ ਕਿੰਨੇ ਹੀ ਬਠਿੰਡਾ ਨਾਟਕ ਕਲਾ ਕੇਂਦਰ ਹੈ। ਪਹਿਲਾਂ ਅਸੀਂ ਫਰੀਦਕੋਟ ਨਾਟਕ ਕੇਂਦਰ ਬਣਾਇਆ ਸੀ, ਤੇ ਕਿੰਨੀਆਂ ਹੀ ਲੋਕ ਜਥੇਬੰਦੀਆਂ ਨੇ ਜਿਹੜੀਆਂ ਕਿ ਲੋਕਾਂ ਨੂੰ ਡਰਾਮਿਆਂ ਰਾਹੀਂ ਕਵਿਤਾਵਾਂ ਰਾਹੀਂ ਜਾਂ ਭਾਸ਼ਣਾਂ ਰਾਹੀਂ ਸੁਚੇਤ ਕਰਦੀਆਂ ਨੇ। ਜੋ ਮੈਂ ਕਵਿਤਾ ਨੂੰ ਵੈਸੇ ਪ੍ਰਮੁੱਖ ਸਮਝਦਾ ਹਾਂ ਕਿ ਲੋਕਾਂ ਤੱਕ ਜਾਂ ਉਹਨਾਂ ਦੇ ਮਨ ਨੂੰ ਟੁੰਬਣ ਵਾਲੀ ਇਕ ਬਹੁਤ ਵੱਡਾ ਸਾਧਨ ਆ। ਪਰ ਇਹਦੇ ਨਾਲ ਨਾਲ ਜਿਹੜਾ ਨਾਵਲ ਆ ਨਾਵਲ ਨੂੰ ਪੜ੍ਹਨ ਲਈ ਜਾਂ ਉਸ ਬਾਰੇ ਸਮੁੱਚਾ ਗਿਆਨ ਪ੍ਰਾਪਤ ਕਰਨ ਲਈ ਜਾਂ ਨਤੀਜਾ ਕੱਢਣ ਲਈ ਸਾਨੂੰ ਪਿਛੇ ਇਕ ਬਹੁਤ ਵੱਡੀ ਸਿਆਸੀ ਸੋਚ ਦੀ ਲੋੜ ਹੁੰਦੀ ਹੈ। ਹੁਣ ਫਰਜ਼ ਕਰ ਲਵੋ "ਲਹੂ ਦੀ ਲੋਅ" ਨਾਵਲ ਜਾਂ ਜਸਵੰਤ ਕੰਵਲ ਦਾ "ਰਾਤ ਬਾਕੀ ਹੈ" ਉਹਦਾ ਨਚੋੜ ਕੱਢਣ ਲਈ ਜਾਂ ਉਸਨੂੰ ਸਮਝਣ ਲਈ। ਜਦੋਂ ਪਾਠਕ ਪੜ੍ਹਦਾ ਹੈ ਤਾਂ ਹੀਰੋ ਦੀ ਹਾਲਤ ਵਿਚ ਹੀ ਵਿਚਰਦਾ ਹੈ। ਉਸ ਦੀ ਹੀਰੋ ਨਾਲ ਹਮਦਰਦੀ ਹੁੰਦੀ ਹੈ, ਜੇ ਹੀਰੋ ਦੂਜੇ ਪਾਸੇ ਹੀ ਚਲਿਆ ਜਾਵੇ ਤਾਂ ਪਾਠਕ ਜੱਜ ਨਹੀਂ ਕਰ ਸਕਦਾ ਕਿ ਉਹ ਗਲਤ ਪਾਸੇ ਚਲਿਆ ਗਿਆ ਹੈ। ਕਿਉਂ ਕਿ ਉਹਦੀ ਹਮੇਸ਼ਾ ਹੀਰੋ ਨਾਲ ਹਮਦਰਦੀ ਹੁੰਦੀ ਹੈ। ਜੋ ਨਾਵਲ, ਕਹਾਣੀ ਜਾਂ ਹੋਰ ਜਿਹੜੇ ਅੰਗ ਨੇ ਸਾਹਿਤ ਦੇ, ਉਨ੍ਹਾਂ ਨੂੰ ਪੜ੍ਹਨ ਲਈ ਇਕ ਸਮਝ ਦੀ ਲੋੜ ਹੁੰਦੀ ਹੈ। ਬਹੁਤ ਡੂੰਘੀ ਸਮਝ ਦੀ ਲੋੜ ਹੁੰਦੀ ਹੈ। ਪਰ ਕਵਿਤਾ ਜੋ ਕਿ ਲੋਕਾਂ ਦੀਆਂ ਵਕਤੀ ਮੰਗਾਂ ਨੂੰ ਸਮੇਂ ਦੀਆਂ ਮੰਗਾਂ ਨੂੰ ਮੁੱਖ ਰੱਖ ਕੇ ਲਿਖੀ ਜਾਂਦੀ ਆ ਉਹ ਸਿੱਧਾ ਲੋਕਾਂ ਦੇ ਉਤੇ ਪ੍ਰਭਾਵ ਪਾਉਂਦੀ ਹੈ। ਤੇ ਮੈਂ ਇਸ ਦਾ ਅਨੁਭਵ ਵੀ ਕੀਤਾ ਆ ਕਿ ਜੇ ਅਸੀਂ ਕਿਤੇ ਕਹਿ ਦੇਈਏ – ਪਈ ਕਵੀ ਦਰਬਾਰ ਆ ਇਕੱਲਾ ਭਾਵੇਂ ਵੱਡੇ ਤੋਂ ਵੱਡੇ ਲਿਖਾਰੀ ਹੀ ਕਿਉਂ ਨਾ ਆਉਣੇ ਹੋਣ ਤਾਂ ਇੰਨਾ ਇਕੱਠ ਨਹੀਂ ਹੁੰਦਾ, ਜਿਥੇ ਅਸੀਂ ਕਹਿੰਦੇ ਆਂ ਪਈ ਨਾਲ ਦੀ ਨਾਲ ਡਰਾਮੇ ਵੀ ਹੋਣਗੇ ਤੇ ਨਾਲੇ ਗੀਤ ਵੀ ਗਾਏ ਜਾਣਗੇ ਤਾਂ ਲੋਕ ਬਹੁਤੇ ਆਉਣਗੇ। ਪਿਛ ਖਿਚੂ ਸਾਹਿਤ ਵਾਲੇ ਜਾਂ ਤੂੰਬੀ ਮਾਰਕਾ ਸਾਹਿਤ ਵਾਲੇ ਜਾਂ ਲੱਚਰ ਸਾਹਿਤ ਵਾਲੇ ਇਹਦਾ ਵੱਧ ਤੋਂ ਵੱਧ ਫਾਇਦਾ ਉਠਾਉਂਦੇ ਹਨ। ਕਿਉਂਕਿ ਲੋਕਾਂ ਦੀ ਮਨੋਰੰਜਨ ਲਈ ਬਹੁਤ ਵੱਡੀ ਭੁੱਖ ਆ। ਹੁਣ ਜੇ ਅਸੀਂ ਕਹਿ ਦੇਈਏ ਵਈ ਫਰਜ਼ ਕਰ ਲਉ ਕਿ ਫਲਾਣੇ ਥਾਂ ਨਾਵਲ ਪੜ੍ਹਿਆ ਜਾਣਾ ਹੈ ਤਾਂ ਲੋਕ ਨਹੀਂ ਆਉਣਗੇ। ਜੇ ਕਹਿ ਦੇਈਏ ਪਈ ਤੂੰਬੀ ਮਾਰਕਾ ਗੀਤਕਾਰ ਆਉਣਗੇ ਇਸ਼ਕ ਮੁਸ਼ਕ ਦੇ ਗੀਤ ਗਾਏ ਜਾਣਗੇ, ਉਥੇ ਲੋਕ ਹਜ਼ਾਰਾਂ ਹਜ਼ਾਰਾਂ ਦੀ ਗਿਣਤੀ ਵਿਚ ਇਕੱਠੇ ਹੁੰਦੇ ਨੇ। ਇਸੇ ਤਰ੍ਹਾਂ ਮੈਨੂੰ ਵੀ ਇਹ ਅਨੁਭਵ ਹੋਇਆ ਜਦੋਂ ਅਸੀਂ ਪਿੰਡਾਂ ਦੇ ਵਿਚ ਆਮ ਡਰਾਮੇ ਕਰਦੇ ਆਂ, ਜਥੇਬੰਦੀਆਂ ਦੇ ਅਧੀਨ ਹੋ ਕੇ ਜਾਂ ਉਹਨਾਂ ਦੇ ਲੋਕਾਂ ਦੀਆਂ ਜਿਹੜੀਆਂ ਮੰਗਾਂ ਨੇ ਉਹਨਾਂ ਨੂੰ ਉਹਨਾਂ ਦੀ ਲੁੱਟ ਖਸੁੱਟ ਬਾਰੇ ਦੱਸਣ ਲਈ ਅਸੀਂ ਲੋਕਾਂ ਨੂੰ ਕਹਿੰਦੇ ਆਂ ਪਈ ਆਉ ਸਾਡਾ ਪ੍ਰਚਾਰ ਸੁਣੋ। ਸਾਡੀਆਂ

ਕਸੌਟੀਆਂ ਦਾ ਜਿਹੜਾ ਕੰਮ ਜੋ ਉਸ ਬਾਰੇ ਤੁਸੀਂ ਆਖੋ ਆਪਣੇ ਦੁੱਖਾਂ ਸੁੱਖਾਂ ਨੂੰ ਸਾਡੇ ਨਾਲ ਸਾਂਝਾ ਕਰੋ ਤਾਂ ਲੋਕ ਆਉਂਦੇ ਨੇ ਵੈਸੇ ਕਵਿਤਾ ਦਾ ਬਹੁਤ ਫੈਲਾ ਹੋਇਆ ਹੈ ਜਿਸ ਕਰਕੇ। ਡਰਾਮੇ ਦੀ ਕੋਈ ਹੀ ਗੱਲ ਛੋਟੇ ਰੱਖ ਸਕਦੇ ਹਾਂ, ਨਾਵਲ ਦੀ ਛੋਟੇ ਰੱਖ ਸਕਦੇ ਹਾਂ ਜਾਂ ਕਹਾਣੀ ਦੀ ਛੋਟੇ ਰੱਖ ਸਕਦੇ ਹਾਂ। ਪਰ ਕਵਿਤਾ ਕਈ ਵਾਰੀ ਅੱਖੋਂ ਬਹੁਤੀ ਲੋਕਾਂ ਨੂੰ ਯਾਦ ਹੋ ਜਾਂਦੀ ਹੈ। ਲੋਕਾਂ ਦੇ ਪੱਧਰ ਦੀ ਕਵਿਤਾ ਉਹਨਾਂ ਦੇ ਛੇਤੀ ਯਾਦ ਹੋ ਜਾਂਦੀ ਹੈ। ਕਿਉਂਕਿ ਉਸ ਅਨੁਭਵ ਵਿਚੋਂ ਲੋਕ ਗੁਜ਼ਰ ਰਹੇ ਹੁੰਦੇ ਹਨ। ਤੇ ਦੂਸਰੀ ਜਿਹੜੀ ਵੱਡੀ ਗੱਲ ਇਹ ਹੈ ਕਿ ਸਾਡੇ ਦੇਸ਼ ਦੇ ਵਿਚ ਜਾਂ ਹਿੰਦੁਸਤਾਨ ਦੇ ਵਿਚ ਬਹੁਤੇ ਲੋਕ ਅਨਪੜ੍ਹ ਨੇ ਤੇ ਉਨ੍ਹਾਂ ਨੂੰ ਸਮਝਾਉਣ ਦਾ ਕੰਮ ਕਵਿਤਾ ਰਾਹੀਂ ਵੱਧ ਹੋ ਸਕਦਾ ਹੈ, ਕਹਾਣੀ ਜਾਂ ਨਾਵਲ ਪੜ੍ਹਨ ਦੀ ਉਹਨਾਂ ਦੀ ਸ਼ਕਤੀ ਨਹੀਂ ਤੇ ਉਹਨਾਂ ਦੇ ਵਿਚ ਯੋਗਤਾ ਨਹੀਂ - ਯੋਗਤਾ ਤਾਂ ਹੈ ਪਰ ਅਨਪੜ੍ਹਤਾ ਕਾਰਨ ਉਹ ਪੜ੍ਹ ਨਹੀਂ ਸਕਦੇ। ਤੇ ਕਵਿਤਾ ਜਦੋਂ ਅਸੀਂ ਸਾਹਮਣੇ ਪੜ੍ਹਦੇ ਆਂ ਤਾਂ ਅਨਪੜ੍ਹ ਲੋਕ ਵੀ ਉਸ ਦਾ ਪ੍ਰਭਾਵ ਲੈਂਦੇ ਨੇ। ਇਸ ਕਰਕੇ ਕਵਿਤਾ ਨੂੰ ਮੈਂ ਲੋਕਾਂ ਦੀ ਲੁੱਟ-ਖਸੁੱਟ ਪ੍ਰਤੀ ਜਿਹੜੀ ਸਮਝ ਜੋ ਉਸਨੂੰ ਜਗਾਉਣ ਦੇ ਵਿਚ ਕਵਿਤਾ ਨੂੰ ਠੀਕ ਸਮਝਦਾ ਹਾਂ। ਤੇ ਖਾਸ ਤੌਰ ਤੇ ਅਨਪੜ੍ਹ ਲੋਕਾਂ ਦੇ ਵਿਚ। ਜਿਨ੍ਹਾਂ ਵਿਚ ਮੈਂ ਆਮ-ਤੌਰ ਤੇ ਰਹਿੰਦਾ ਹਾਂ

**ਸਾਧੂ:** ਤੁਹਾਨੂੰ ਪਿਛੇ ਜਿਹੇ ਇਨਾਮ ਮਿਲਿਆ ਹੈ। ਤੁਸੀਂ ਇਸ ਇਨਾਮ ਬਾਰੇ ਕਿਵੇਂ ਮਹਿਸੂਸ ਕਰਦੇ ਹੋ? ਜੇ ਤੁਹਾਨੂੰ ਇਹ ਇਨਾਮ ਸਿੱਧਾ ਗੌਰਮਿੰਟ ਦੀ ਕਿਸੇ ਏਜੰਸੀ ਵਲੋਂ ਮਿਲਿਆ ਹੁੰਦਾ ਤਾਂ ਕੀ ਤੁਸੀਂ ਇਸ ਨੂੰ ਕਬੂਲ ਕਰਦੇ?

**ਉਦਾਸੀ:** ਮੈਂ ਇਹ ਕਦੀ ਮਹਿਸੂਸ ਹੀ ਨਹੀਂ ਕੀਤਾ ਕਿ ਮੈਨੂੰ ਕਦੇ ਗੌਰਮਿੰਟ ਵਲੋਂ ਕੋਈ ਇਨਾਮ ਮਿਲੇਗਾ, ਦੂਸਰੀ ਗੱਲ ਇਹ ਹੈ ਕਿ ਮੈਂ ਇਹੋ ਜਿਹਾ ਲਿਖਦਾ ਹੀ ਨਹੀਂ ਹਾਂ ਕਿ ਗੌਰਮਿੰਟ ਜਾਂ ਸਰਕਾਰੀ ਅਦਾਰੇ ਮੈਨੂੰ ਇਨਾਮ ਦੇਣ। ਉਹ ਦੇ ਹੀ ਨਹੀਂ ਸਕਦੇ। ਮੈਂ ਨਹੀਂ ਮਹਿਸੂਸ ਕਰਦਾ ਕਿ ਉਹ ਦੇ ਸਕਣਗੇ। ਜੇ ਉਹ ਇਨਾਮ ਦਿੰਦੇ ਵੀ ਤਾਂ ਮੇਰਾ ਇਨਕਾਰ ਹੀ ਹੋਣਾ ਸੀ। ਇਕ ਦੋ ਵਾਕਿਆ ਇਸ ਤਰ੍ਹਾਂ ਦੇ ਹੋਏ ਵੀ ਹਨ ਜਿਨ੍ਹਾਂ ਵਿਚ ਮੈਨੂੰ ਸਰਕਾਰੀ ਅਦਾਰਿਆਂ ਵਲੋਂ ਸਨਮਾਨਣ ਦੀ ਕੋਸ਼ਿਸ਼ ਕੀਤੀ ਗਈ। ਪਰ ਮੈਂ ਖੁਦ ਉਨ੍ਹਾਂ ਨੂੰ ਅੱਖੋਂ ਪਰੋਖੇ ਕੀਤਾ ਹੈ। ਉਨ੍ਹਾਂ ਨੂੰ ਇਨਕਾਰ ਕੀਤਾ ਹੈ। ਜਿਸ ਤਰ੍ਹਾਂ ਕਿ ਮੈਨੂੰ ਦੀਵਾਲੀ ਵਾਲੇ ਦਿਨ ਸਨਮਾਨਣ ਦੀ ਕੋਸ਼ਿਸ਼ ਕੀਤੀ ਗਈ। ਹੋਰ ਕਈ ਤਰ੍ਹਾਂ ਦੇ ਸ਼ਾਲ ਦਿੱਤੇ ਜਾਂਦੇ ਹਨ, ਤਗਮੇ ਦਿੱਤੇ ਜਾਂਦੇ ਹਨ। ਮੈਂ ਨਹੀਂ ਸਮਝਦਾ ਕਿ ਗੌਰਮਿੰਟ ਸਮਝੇ ਕਿ ਉਦਾਸੀ ਨੂੰ ਅਸੀਂ ਸਨਮਾਨਿਤ ਕਰਨਾ ਹੈ। ਜੇ ਗੌਰਮਿੰਟ ਮੈਨੂੰ ਸਨਮਾਨਿਤ ਕਰੇ ਵੀ ਤਾਂ ਫੇਰ ਮੈਂ ਵੀ ਦੇਖਣਾ ਹੈ ਕਿ ਮੈਂ ਇਤਿਹਾਸ ਵਿਚ ਕੀ ਰੋਲ ਨਿਭਾ ਰਿਹਾ ਹਾਂ। ਜਾਂ ਕਿਰਤੀ ਜਾਂ ਲੋਕ ਕਵਿਤਾ ਵਿਚ ਲਿਖਦਿਆਂ ਮੇਰਾ ਕੀ ਫਰਜ਼ ਹੈ ਕਿ ਮੈਂ ਇਹ ਇਨਾਮ ਲਵਾਂ ਜਾਂ ਨਾ ਲਵਾਂ। ਮੈਂ ਨਹੀਂ ਸਮਝਦਾ ਕਿ ਮੈਂ ਸਰਕਾਰ ਦਾ ਇਨਾਮ ਲੈਣ ਦੇ ਯੋਗ ਹਾਂ।

**ਸਾਧੂ:** ਪੰਜਾਬੀ ਜਾਂ ਹੋਰ ਜ਼ਬਾਨਾਂ ਦੇ ਉਹ ਕਿਹੜੇ ਲੇਖਕ ਹਨ ਜਿਨ੍ਹਾਂ ਕੋਲੋਂ ਤੁਹਾਨੂੰ ਕੋਈ ਸੇਧ ਮਿਲੀ ਹੈ ਜਿਹੜੀ ਤੁਹਾਡੀ ਕਵਿਤਾ ਵਿਚ ਜ਼ਾਹਿਰ ਹੋ ਰਹੀ ਹੈ?

**ਉਦਾਸੀ:** ਪੰਜਾਬੀ ਦੇ ਪਹਿਲੇ ਲੇਖਕ ਜਿਹੜੇ ਮੈਂ ਪੜ੍ਹੇ ਉਹ ਹਨ ਜਸਵੰਤ ਸਿੰਘ ਕੰਵਲ, ਅਤੇ ਉਹਨਾਂ ਦੀ ਪਹਿਲੀ ਰਚਨਾ "ਰਾਤ ਬਾਕੀ ਹੈ" ਪੜ੍ਹੀ ਸੀ ਅਤੇ ਹੋਰ ਬਹੁਤ ਸਾਰੀਆਂ ਉਨ੍ਹਾਂ ਦੀਆਂ ਰਚਨਾ ਰੂਪਧਾਰਾ, ਪੂਰਨਮਾਸ਼ੀ ਵਗੈਰਾ ਪੜ੍ਹੀਆਂ ਹਨ। ਮੀਤ ਸਿੰਘ ਸੇਖੋਂ ਦੀ ਕਹਾਣੀ ਮੈਂ ਪੜ੍ਹਦਾ ਹੁੰਦਾ ਸੀ, "ਪੇਮੀ ਦੇ ਨਿਆਣੇ" ਵਗੈਰਾ, ਤੇ ਸੰਤੋਖ ਸਿੰਘ ਧੀਰ ਦੀ "ਸਵੇਰ ਹੋਣ ਤੱਕ" ਉਹਦੇ ਵਿਚ ਸਾਨੂੰ ਕਿਸਾਨ ਦੀ ਜ਼ਿੰਦਗੀ ਦੇ ਉਭਾਰ ਦਾ ਪਤਾ ਲਗਦਾ ਹੈ। ਬਹੁਤਾ ਜਿਹੜਾ ਮੈਨੂੰ ਪ੍ਰਭਾਵਿਤ ਕੀਤਾ ਹੈ ਉਹ ਹੈ ਜੂਲੀਅਸ ਫਿਊਚਕ ਦਾ "ਫਾਂਸੀ ਦੇ ਤਖਤੇ ਤੋਂ" ਵਾਂਡਾ ਵਾਸੀ ਲੂਸਕਾ ਦਾ "ਸਤਰੰਗੀ ਪੀਂਘ", ਸੂਰਮੇ ਦੀ ਸਿਰਜਣਾ, ਮਾਂ, ਕਢੀ ਧਰਤੀ ਨਵੇਂ ਸਿਆੜ। ਸ਼ੋਲੋਖੋਵ ਨੇ ਮੈਨੂੰ ਬੜਾ ਪ੍ਰਭਾਵਿਤ ਕੀਤਾ ਹੈ। ਜੂਲੀਅਸ ਫਿਊਚਕ ਨੇ ਤਾਂ ਬਹੁਤ ਹੀ ਜ਼ਿਆਦਾ ਪ੍ਰਭਾਵਿਤ ਕੀਤਾ ਹੈ। ਮੈਂ ਕਹਿੰਦਾ ਹਾਂ ਕਿ ਜੇ ਮੈਨੂੰ ਸਿਆਸਤ ਵਿਚ ਲੋਕ ਪਿਆਰ ਦਾ "ਓ" ਪੜ੍ਹਾਇਆ ਹੈ ਤਾਂ ਉਹ ਜੂਲੀਅਸ ਫਿਊਚਕ ਹੀ ਹੈ। ਬਾਕੀ ਇਹ ਹੀ ਗੱਲ ਨਹੀਂ, ਸਾਰਾ ਆਪਣਾ ਇਤਿਹਾਸ ਜਿਵੇਂ ਬੱਬਰ ਅਕਾਲੀਆਂ ਦਾ ਇਤਿਹਾਸ, ਸਿੱਖ ਮੋਰਚਿਆਂ ਦਾ ਇਤਿਹਾਸ, ਜਾਂ ਗੁਰੂ ਗੋਬਿੰਦ ਸਿੰਘ ਦਾ ਇਤਿਹਾਸ ਹੈ। ਉਸ ਇਤਿਹਾਸ ਨੇ ਮੈਨੂੰ ਬੜਾ ਕੁਝ ਸਿਖਾਇਆ। ਜਿੰਨਾ ਕੁਝ ਇਤਿਹਾਸਕ ਤੌਰ ਤੇ ਮੈਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਜਾਂ ਬੰਦਾ ਬਹਾਦਰ ਨੇ ਸਿਖਾਇਆ ਹੈ ਜਾਂ ਮੈਂ ਸਿੱਖਿਆ ਹੈ ਉਤਨਾ ਕੁਝ ਹੀ ਮੈਂ ਪੜ੍ਹ ਕੇ ਜਿਹੜਾ ਬਾਹਰਲਾ ਇਤਿਹਾਸ ਹੈ ਉਸ ਬਾਰੇ ਸਿੱਖਿਆ ਹੈ। ਜਿਸ ਵਿਚ ਵੀਅਤਨਾਮ ਦਾ ਤੇ ਕੰਪੂਚੀਆ ਦਾ ਹਿੱਸਾ ਵੀ ਹੈ। ਖਾਸ ਕਰਕੇ ਜਿਹੜੇ ਸਾਡੇ ਨੇੜੇ ਦੇ ਕਿਰਤੀ ਹਨ-ਉਨ੍ਹਾਂ ਨਾਲ ਹੋਏ ਜਬਰ ਬਾਰੇ ਮੈਂ ਜ਼ਿਆਦਾ ਪੜ੍ਹਿਆ ਹੈ ਉਨ੍ਹਾਂ ਨੂੰ ਨੇੜੇ ਹੋ ਕੇ ਘੋਖਿਆ ਹੈ, ਹੋਰ ਜਿਹੜਾ ਆਪਣਾ ਸਾਹਿਤਕ ਅਤੇ ਸਭਿਆਚਾਰਕ ਇਤਿਹਾਸ ਹੈ ਉਸਨੂੰ ਮੈਂ ਪੜ੍ਹਿਆ ਹੈ, ਗਦਰ ਪਾਰਟੀ ਦਾ ਇਤਿਹਾਸ। ਇਹ ਕਿਸੇ ਥੀਂਦੇ ਨਵੀਂ ਇਤਿਹਾਸਕ ਦੇਣ ਹੁੰਦੀ ਹੈ। ਤੇ ਇਹ ਸਾਡੇ ਵਿਚ ਵੀ ਹੈ।

(ਚਲਦਾ)

# ਸਭਿਆਚਾਰਕ ਪ੍ਰੋਗਰਾਮ

1 ਸਤੰਬਰ, 1979 ਸ਼ਨਿਚਰਵਾਰ ਵਾਲੇ ਦਿਨ ਇੰਡੀਅਨ ਪੀਪਲਜ਼ ਐਸੋਸੀਏਸ਼ਨ ਇਨ ਨਾਰਥ ਅਮੈਰਿਕਾ (ਇਪਾਨਾ) ਵੱਲੋਂ ਪੰਜਾਬ ਦੇ ਪ੍ਰਸਿੱਧ ਲੋਕ ਕਵੀ ਤੇ ਗਾਇਕ ਸੰਤ ਰਾਮ ਉਦਾਸੀ ਦੇ ਸਨਮਾਨ ਵਿੱਚ, ਡੇਵਿਡ ਥੌਂਪਸਨ ਸੈਕੰਡਰੀ ਸਕੂਲ, ਵੈਨਕੂਵਰ ਵਿੱਚ ਇੱਕ ਸਭਿਆਚਾਰਕ ਪ੍ਰੋਗਰਾਮ ਕੀਤਾ ਗਿਆ। ਪ੍ਰੋਗਰਾਮ ਵਿੱਚ ਸਿਆਸੀ ਅਤੇ ਸਾਹਿਤਕ ਪੱਖ ਬੜੇ ਚੰਗੇ ਢੰਗ ਨਾਲ ਪੇਸ਼ ਕੀਤੇ ਗਏ। ਕੋਈ 400 ਦੇ ਕਰੀਬ ਲੋਕਾਂ ਨੇ ਬੜੀ ਚੰਗੀ ਤਰ੍ਹਾਂ ਸਾਰੇ ਪ੍ਰੋਗਰਾਮ ਨੂੰ ਸੁਣਿਆ। ਹਾਲ ਨੂੰ 'ਇਨਕਲਾਬ ਜ਼ਿੰਦਾਬਾਦ' ਤੇ 'ਨਕਸਲਬਾੜੀ ਜ਼ਿੰਦਾਬਾਦ' ਦੇ ਬੈਨਰਾਂ ਨਾਲ ਸਜਾਇਆ ਹੋਇਆ ਸੀ।

ਪ੍ਰੋਗਰਾਮ ਦਾ ਆਰੰਭ ਇਪਾਨਾ ਦੇ ਐਗਜ਼ੈਕਟਿਵ ਮੈਂਬਰ ਤੇ ਪਹਿਲੇ ਚੇਅਰਮੈਨ ਹਰੀ ਸ਼ਰਮਾ ਨੇ ਉਦਾਸੀ ਦੀ ਲੋਕਾਂ ਨਾਲ ਜਾਣ ਪਛਾਣ ਕਰਵਾਕੇ ਕੀਤਾ। ਇਸਤੋਂ ਬਾਅਦ ਉਦਾਸੀ ਨੇ ਆਪਣੀ ਕਵਿਤਾ ਸ਼ੁਰੂ ਕੀਤੀ। ਉਦਾਸੀ ਦੀਆਂ ਕਵਿਤਾਵਾਂ ਤਾਂ ਬਹੁਤ ਲੋਕਾਂ ਨੇ ਪਹਿਲਾਂ ਵੀ ਪੜ੍ਹੀਆਂ ਹੋਈਆਂ ਪਰ ਉਦਾਸੀ ਨੂੰ ਸਟੇਜ 'ਤੇ ਗਾਉਂਦਾ ਬਹੁਤ ਘੱਟ ਲੋਕਾਂ ਨੇ ਸੁਣਿਆ ਸੀ। ਜਦ ਉਦਾਸੀ ਨੇ ਆਪਣੀ ਕਵਿਤਾ ਖਤਮ ਕੀਤੀ ਤਾਂ ਸਾਰਾ ਹਾਲ ਤਾੜੀਆਂ ਨਾਲ ਗੂੰਜ ਉਠਿਆ। ਉਦਾਸੀ ਦੀ ਗੂੰਜਦੀ ਆਵਾਜ਼ ਰਾਹੀਂ ਜੋ ਸੁਨੇਹਾ ਲੋਕਾਂ ਤੱਕ ਪਹੁੰਚਦਾ ਹੈ, ਉਸਨੂੰ ਸੁਣਕੇ ਭਾਰਤੀ ਸਟੇਟ ਵੱਲੋਂ ਉਦਾਸੀ ਉੱਪਰ ਕੀਤੇ ਗਏ ਤਸ਼ੱਦਦ ਬਾਰੇ ਕਿਸੇ ਨੂੰ ਕੋਈ ਸ਼ੱਕ ਬਾਕੀ ਨਹੀਂ ਰਹਿ ਜਾਂਦੀ।

ਉਦਾਸੀ ਦੀ ਕਵਿਤਾ ਤੋਂ ਬਾਅਦ ਇਪਾਨਾ ਦੇ ਚੇਅਰਮੈਨ ਹਰਿੰਦਰ ਮਾਹਲ ਨੇ ਆਪਣੀ ਤਕਰੀਰ ਕੀਤੀ, ਜਿਸ ਵਿੱਚ ਉਹਨਾਂ ਨੇ ਨਕਸਲਬਾੜੀ ਦੀ ਮਹੱਤਤਾ, ਸਾਹਿਤ ਦਾ ਇਨਕਲਾਬ ਵਿੱਚ ਰੋਲ ਅਤੇ ਉਦਾਸੀ ਦੇ ਜੀਵਨ ਪ੍ਰਤੀ ਵਿਸਥਾਰ ਨਾਲ ਦੱਸਿਆ।

ਸੰਤ ਰਾਮ ਉਦਾਸੀ ਨੇ ਬਹੁਤ ਸਾਰੀਆਂ ਕਵਿਤਾਵਾਂ ਸੁਣਾਈਆਂ ਤੇ ਹਰ ਵਾਰ ਸਰੋਤਿਆਂ ਨੇ ਉਹਨਾਂ ਦਾ ਤਾੜੀਆਂ ਨਾਲ ਸੁਆਗਤ ਕੀਤਾ। ਉਦਾਸੀ ਤੋਂ ਇਲਾਵਾ ਬਹੁਤ ਸਾਰੇ ਹੋਰ ਕਲਾਕਾਰਾਂ ਤੇ ਕਵੀਆਂ ਨੇ ਵੀ ਪ੍ਰੋਗਰਾਮ 'ਚ ਹਿੱਸਾ ਲਿਆ, ਜਿਵੇਂ ਕਿ ਅਜਮੇਰ ਰੋਡੇ, ਗੁਰਚਰਨ ਰਾਮਪੁਰੀ, ਸਾਧੂ, ਬਚਿੱਤਰ ਥੰਧਨੀ, ਸੁਰਜੀਤ ਕਲਸੀ, ਮੇਜਰ ਰਾਏ, ਦਰਸ਼ਨ ਬੈਂਸ, ਤਰਵੰਡਨ, ਸੰਤ ਸਿੰਘ ਗਰੇਵਾਲ, ਸੁਖਵਿੰਦਰ ਲਾਲੀ, ਦਲਜੀਤ ਕਲਿਆਣਪੁਰੀ, ਹੁਕਮ ਚੰਦ ਤੇ ਕੁਲਵੰਤ ਸਹੋਤਾ। ਰਣਜੀਤ ਸਿੰਘ ਸਿਧਵਾਂ ਵਾਲਿਆਂ ਦੇ ਢਾਡੀ ਜੱਥੇ ਨੇ ਵੀ ਬੜਾ ਸੋਹਣਾ ਰੰਗ ਬੰਨ੍ਹਿਆ।

ਇਪਾਨਾ ਦੇ ਅਖਬਾਰ 'ਵੰਗਾਰ' ਤੇ ਅੰਗਰੇਜ਼ੀ ਦੇ ਪਰਚੇ 'INDIA NOW' ਨੂੰ ਇਕ ਕਿਤਾਬ ਦੀ ਸ਼ਕਲ ਵਿੱਚ, ਇਪਾਨਾ ਵੱਲੋਂ ਤੋਹਫਾ ਦਿੱਤਾ ਗਿਆ। ਸਾਥੀ ਹਰਿੰਦਰ ਮਾਹਲ ਨੇ ਸੰਤ ਰਾਮ ਉਦਾਸੀ ਦੀ ਇਪਾਨਾ ਵੱਲੋਂ ਛਪੀ ਗਈ ਨਵੀਂ ਕਿਤਾਬ '**ਲਹੂ ਤੋਂ ਲੋਹੇ ਤੱਕ**' ਦੀ ਲੋਕਾਂ ਨਾਲ ਜਾਣ ਪਛਾਣ ਕਰਾਈ ਅਤੇ ਅਖੀਰ ਵਿੱਚ ਪੰਜਾਬ ਕਲਚਰਲ ਐਸੋਸੀਏਸ਼ਨ ਨੇ ਰੰਗਾਰੰਗ ਭੰਗੜਾ ਪੇਸ਼ ਕੀਤਾ।

— ਗੁਰਨਾਮ


## ਸੰਤ ਰਾਮ ਉਦਾਸੀ ਦੀ ਨਵੀਂ ਕਿਤਾਬ

# ਲਹੂ ਤੋਂ ਲੋਹੇ ਤੱਕ

ਸੰਤ ਰਾਮ ਉਦਾਸੀ ਦੀਆਂ ਪਹਿਲੀਆਂ ਕਿਤਾਬਾਂ 'ਲਹੂ ਭਿੱਜੇ ਬੋਲ', 'ਸੈਨਤਾਂ', 'ਚੌ ਨੁਕਰੀਆਂ ਸੀਖਾਂ' ਤੇ 'ਕੰਮੀਆਂ ਦਾ ਵਿਹੜਾ' ਵਿਚੋਂ ਚੋਣਵੀਆਂ ਕਵਿਤਾਵਾਂ ਦਾ ਸੰਗ੍ਰਹਿ।

ਕੀਮਤ $4.50 ; ਡਾਕ ਖਰਚ 0.50 ਸੈਂਟ

**ਮੰਗਵਾਉਣ ਲਈ:** 5 ਡਾਲਰ ਦਾ ਚੈੱਕ ਜਾਂ ਮਨੀ ਆਰਡਰ ਹੇਠ ਲਿਖੇ ਪਤੇ 'ਤੇ ਭੇਜੋ:

IPANA, P.O. Box 69646, Stn. 'K', Vancouver, B.C., Canada, V5K 4W7

# ਅਹਿਸਾਸ

ਅਮਰਜੀਤ ਚਾਹਲ

ਰੋਟੀ ਪਰੋਸ ਕੇ ਮਹਿੰਦਰੋ ਨੇ ਲੀਵਿੰਗ ਰੂਮ ਵਿਚ ਬੈਠਿਆਂ ਨੂੰ ਅਵਾਜ਼ ਦਿਤੀ।

ਦੋ ਮਿੰਟਾਂ ਵਿਚ ਉਹ ਅੱਗੜ-ਪਿੱਛੜ ਰੋਟੀ ਖਾਣ ਵਾਲੇ ਕਮਰੇ ਵਿਚ ਆ ਗਏ। ਉਨ੍ਹਾਂ ਆਦਤਨ ਉਨ੍ਹਾਂ ਕੁਰਸੀਆਂ ਨੂੰ ਮੱਲ ਲਿਆ ਜਿਥੇ ਬੈਠ ਕੇ ਰੋਟੀ ਖਾਂਦੇ ਹੁੰਦੇ ਸਨ। ਇਕ ਕੁਰਸੀ ਨੂੰ ਖਾਲੀ ਦੇਖ ਕੇ ਸੁਖਦੇਵ ਨੂੰ ਖਿਆਲ ਆਇਆ......ਪੀਟਰ ਨਹੀਂ ਆਇਆ?

ਇਕ ਹੋਰ ਕੁਰਸੀ ਪੀਟਰ ਦੀ ਦਾਦੀ ਦੀ ਖਾਲੀ ਪਈ ਸੀ। ਉਹ ਅਜੇ ਵੀ ਰਸੋਈ ਵਿਚ ਕੁਝ ਕਰ ਰਹੀ ਸੀ।

"ਤੈਨੂੰ ਕੀ ਗੱਲ ਓਏ......।" ਉਸ ਪੀਟਰ ਨੂੰ ਰੁਖੀ ਪਰ ਸੁਭਾਵਕ ਅਵਾਜ਼ 'ਚ ਪੁੱਛਿਆ।

ਉਸ ਨੇ ਮੋਢੇ ਚੁਕ ਦਿਤੇ ਅਤੇ ਗਮ ਚਿੱਥਦਾ ਹੋਇਆਂ ਟੈਲੀਵੀਯਨ ਵੇਖਣ ਵਿਚ ਮਸਤ ਰਿਹਾ।

ਉਸ ਦੇ ਇਸ ਵਤੀਰੇ ਤੇ ਸੁਖਦੇਵ ਨੂੰ ਗੁਸਾ ਆਇਆ ਅਤੇ ਉਸ ਨੂੰ ਹੋਰ ਸਖਤੀ ਨਾਲ ਬੁਲਾਇਆ।

ਉਹ ਬਗੈਰ ਉਸ ਦੀ ਸਖ਼ਤੀ ਦਾ ਅਸਰ ਕਬੂਲੇ ਸੁਭਾਵਕ ਹੀ ਆਪਣੀ ਧੌਣ ਤੇ ਪੈਂਦੇ ਲੰਮੇ ਵਾਲਾਂ ਨੂੰ ਝਟਕਾ ਦੇ ਕੇ ਉਠਿਆ ਅਤੇ ਗਮ ਚਿੱਥਦਾ ਹੋਇਆ ਆਪਣੀ ਕੁਰਸੀ ਉੱਤੇ ਆਣ ਡਟਿਆ।

ਮੂੰਹ ਵਿਚ ਬੁਰਕੀ ਪਾਉਣ ਲੱਗੇ ਨੇ ਉਸ ਗਮ ਕੱਢ ਕੇ ਸਾਹਮਣੇ ਮੇਜ਼ ਉਪਰ ਰੱਖ ਲਈ।

ਉਸ ਦੀ ਇਸ ਹਰਕਤ ਨੂੰ ਸਾਰਿਆਂ ਨੇ ਘ੍ਰਿਣਾ ਨਾਲ ਦੇਖਿਆ। ਪਰ ਉਸ ਨੂੰ ਅਵਰਜ਼ਿਆਂ ਹੀ ਰੋਟੀ ਖਾਣ ਲੱਗ ਪਏ।

ਕੱਲ ਪਰਾਉਣਿਆਂ ਨੂੰ ਰੋਟੀ ਵਰਜੀ ਸੀ।

ਪਰਾਉਣਿਆਂ ਦੇ ਨਾਂ ਨਾਲ ਉਸ ਨੂੰ ਪਸ਼ੂਆਂ ਦਾ ਖਿਆਲ ਆ ਜਾਂਦਾ। ਜਿਨ੍ਹਾਂ ਨੂੰ ਰਜਾਉਣ ਲਈ ਕਈ ਪੰਡਾਂ ਪੱਠੇ ਕੁਤਰਨੇ ਪੈਂਦੇ ਸਨ। ਟੋਕਰੇ ਭਰ ਭਰ ਕੇ ਉਨ੍ਹਾਂ ਦੀਆਂ ਖੁਰਲੀਆਂ ਵਿਚ ਪਾਉਣੇ ਪੈਂਦੇ ਸਨ।

"ਹੋਰ ਲੈ......ਹੋਰ ਲੈ ਯਾਰ......ਇਸਦਾ ਟੇਸਟ ਕਰ...... ਬਹੁਤ ਸੁਆਦੀ ਹੈ।"

ਰੱਜੇ ਪਸ਼ੂ ਮੂੰਹ ਮਾਰਨਗੇ—ਪੱਠੇ ਖੁਰਲੀ ਵਿਚੋਂ ਕੱਢ ਦੇਣਗੇ। ਇਕ ਦੂਜੇ ਦੇ ਢੁਠਾਂ ਮਾਰਨਗੇ ਅਤੇ ਖੁਰ ਵੱਢਣਗੇ।

ਜਦ ਉਹ ਰੋਟੀ ਖਾ ਰਹੇ ਸੀ ਤਾਂ ਇੰਦ ਕੌਰ, ਸੁਖਦੇਵ ਦੀ ਮਾਂ ਕੱਲ ਦੀ ਬਚੀ ਹੋਈ ਬੇਹੀ ਰੋਟੀ ਗਰਮ ਕਰ ਲਿਆਈ ਅਤੇ ਹੁਕਮ ਸੈਂ ਦੇ ਬਰਾਬਰ ਵਾਲੀ ਕੁਰਸੀ ਉਤੇ ਬੈਠ ਕੇ ਖਾਣ ਲੱਗ ਪਈ।

ਉਨ੍ਹਾਂ ਇਕ ਵਾਰ ਉਸ ਦੇ ਵੱਲ ਨਫ਼ਰਤ ਵਰਗੀ ਹੈਰਾਨੀ ਨਾਲ ਦੇਖਿਆ। ਪਰ ਹੁਕਮਾ ਸੈਂ ਉਨ੍ਹਾਂ ਵਲ ਦੇਖ ਕੇ ਮੁਸਕਰਾਇਆ ਹੀ।

"ਭਲਾ ਮਾਂਮਾਂ ਏਨੀਆਂ ਸਾਰੀਆਂ ਤਾਜ਼ੀਆਂ ਰੋਟੀਆਂ ਕਾਸਦੇ ਲਈ ਪੱਕੀਆਂ ਪਈਆਂ......।"

ਉਸ ਦੀ ਨੂੰਹ, ਜਿਹੜੀ ਉਸ ਦੀਆਂ ਕਈ ਆਦਤਾਂ ਤੇ ਟੋਕਾ-ਟਾਕੀ ਕਰਦੀ ਰਹਿੰਦੀ ਸੀ। ਸਾਰਿਆਂ ਤੋਂ ਪਹਿਲਾਂ ਬੋਲੀ, "ਪਤਾ ਨਹੀਂ ਤੁਹਾਡੀਆਂ ਇਹ ਆਦਤਾਂ......।" ਉਸ ਕਲੀਨਿੱਸ ਨਾਲ ਆਪਣੀ ਦਾਲ ਨਾਲ ਲਿਬੜੀ ਉਂਗਲ ਸਾਫ਼ ਕੀਤੀ ਅਤੇ ਹੋਠਾਂ ਨੂੰ ਨੁਕਰਾਂ ਤੋਂ ਪੂੰਝਿਆ, "ਸੱਚੀ ਗੱਲ ਹੈ—ਕਈ ਵਾਰ ਉਠਿਆਂ-ਬੈਠਿਆਂ ਤੋਂ ਸ਼ਰਮ ਆਉਂਦੀ ਹੈ।"

"ਲੈ ਇਸ ਨੂੰ ਕੀ ਹੋਇਆ......।" ਨੂੰਹ ਦੀ ਗੱਲ ਨੂੰ ਸੁਣੀ-ਅਣਸੁਣੀ ਕਰਦਿਆਂ ਇੰਦ ਕੌਰ ਕਹਿਣ ਲੱਗੀ, "ਬੜੀ ਸੋਹਣੀ ਨਰਮ ਹੈ...।" ਉਸ ਨੇ ਰੋਟੀ ਨੂੰ ਮੋੜ ਕੇ ਦਿਖਾਇਆ। ਜੋ ਇਸ ਤਰ੍ਹਾਂ ਹੋ ਗਈ ਸੀ ਜਿਵੇਂ ਕਿਸੇ ਘਟੀਆ ਕਿਸਮ ਦੇ ਗੱਤੇ ਨੂੰ ਦੋਹਰਾ ਕੀਤਾ ਹੋਵੇ।

ਰੋਟੀ ਉਸ ਅਜੇ ਅੱਧੀ ਵੀ ਨਹੀਂ ਖਾਧੀ ਸੀ ਕਿ ਉਹ ਸੁਕ ਗਈ। ਜਦ ਉਹ ਬੁਰਕੀ ਤੋੜਦੀ 'ਕੜੱਕ' ਦੇਣੀ ਹੁੰਦਾ ਅਤੇ ਭੁਰ-ਚੂਰ ਆਲੇ-ਦੁਆਲੇ ਖਿਲਰ ਜਾਂਦਾ।

ਸਾਰੇ ਨਿਆਣੇ (ਜੋ ਕੈਨੇਡਾ ਦੇ ਜਮ-ਪਲ ਸੀ) ਅਤੇ ਉਨ੍ਹਾਂ ਦੀ ਮਾਂ (ਜੋ ਬਚਪਨ ਵਿਚ ਕੈਨੇਡਾ ਆ ਗਈ ਸੀ) ਉਸ ਵੱਲ ਗੁੱਝੀ ਘ੍ਰਿਣਾ ਨਾਲ ਦੇਖਦੇ।

ਉਹ ਸੁਕੀ ਰੋਟੀ ਦੀ ਬੁਰਕੀ, ਜਿਸ ਨੂੰ ਦਾਲ ਅਤੇ ਸਬਜ਼ੀ ਚੰਗੀ ਤਰ੍ਹਾਂ ਨਹੀਂ ਲੱਗ ਸਕਦੀ ਸੀ—ਨੂੰ ਕਿੰਨ੍ਹਾਂ ਚਿਰ ਚਬੋਲਦੀ ਰਹਿੰਦੀ ਉਸ ਦੇ ਜਬਾੜੇ ਵਿਚ ਤਾਂ ਜਾਨ ਸੀ ਪਰ ਉਹ ਡਰਦੀ ਸੀ—ਉਪਰੇ ਲਵਾਏ ਦੰਦਾਂ ਦੇ ਬੀੜ ਨੂੰ ਨੁਕਸਾਨ ਨਾ ਹੋ ਜਾਵੇ। ਬੁੱਕ ਪੈਸਿਆਂ ਦਾ ਲਾ ਕੇ—ਮੁੰਡੇ ਨੇ ਲੁਵਾ ਕੇ ਦਿੱਤੇ ਸੀ ਅਤੇ ਇੰਦ ਕੌਰ ਨੂੰ ਉਨ੍ਹਾਂ ਪੈਸਿਆਂ ਦੀ ਅਜੇ ਤੱਕ ਹਾਂਝ ਆਉਂਦੀ ਸੀ।

"ਕਾਹਨੂੰ ਦੰਦਾਂ ਦਾ ਨਾਸ ਮਾਰਨ ਲੱਗੀ ਏਂ।" ਉਸ ਦੀ ਪਲੇਟ ਵਿਚੋਂ ਹੁਕਮਾ ਸੈਂ ਨੇ ਰੋਟੀ ਚੁਕਦਿਆਂ ਆਖਿਆ, "ਇਹ ਮੈਂ ਖਾ ਲੈਨਾਂ—ਤੂੰ ਹੋਰ ਤਾਜ਼ੀ ਲੈ ਲੇ।"

ਪਹਿਲਾਂ ਉਹ ਇੰਝ ਕਰਨ ਲੱਗਾ ਝਿਜਕਿਆ ਸੀ। ਤਦ ਉਸ ਸੋਚਿਆ, ਇਸ 'ਚ ਸਰਮ ਕਾਹਦੀ—।

ਜਦ ਜੀਅ ਕਰਦਾ ਰੋਟੀ ਖਾਂਦੀ ਖਾਂਦੀ ਬਹੂ ਅੱਧੀ ਸੁਖੇ ਦੀ ਪਲਟ ਵਿਚ ਰੱਖ ਦਿੰਦੀ। ਅਖੇ—ਮੈਥੋਂ ਨਹੀਂ ਖਾਧੀ ਜਾਂਦੀ।

ਜਦ ਜੀਅ ਕਰਦਾ ਉਸ ਦੀ ਦਾਲ-ਸਬਜ਼ੀ ਨੂੰ ਠੂੰਗਾ ਮਾਰ ਲੈਂਦੀ—।

ਉਹ ਦੋਵੇਂ ਜੀਅ ਆਪਣੇ-ਆਪ ਵਿਚ ਹੀ ਸ਼ਰਮਿੰਦੇ ਜਿਹੇ ਹੋਏ ਰੋਟੀ ਖਾਂਦੇ ਰਹਿੰਦੇ ਸੀ।

ਸੁਖਦੇਵ ਵੀ ਕਈ ਵਾਰ ਇੰਝ ਹੀ ਕਰਨ ਵਿਚ ਅਨੰਦ ਲੈਂਦਾ ਸੀ।

ਇਕ ਵੇਲਾ ਹੁੰਦਾ। ਜਦ ਮਾਪੇ ਆਪਣੇ ਬੱਚਿਆਂ ਨੂੰ ਜਗ ਵਿਚ ਕਿਵੇਂ ਵਿਚਰਨਾ ਹੈ—ਸੁਖਾਉਂਦੇ ਹਨ।

ਫਿਰ ਇਕ ਵੇਲਾ ਹੁੰਦਾ—ਜਦ ਉਨ੍ਹਾਂ ਨੂੰ ਦੇਖ ਹੀ ਸਕਦੇ ਹਨ। ਚਾਹੁੰਦੇ ਹੋਏ ਵੀ ਦਖ਼ਲ ਨਹੀਂ ਦੇ ਸਕਦ ਜਾਂ ਕਿਸੇ ਹੱਦ ਤਕ ਆਪਣੇ-ਆਪ ਨੂੰ ਸਮੇਂ ਮੁਤਾਬਿਕ ਢਾਲ ਲੈਂਦੇ ਹਨ।

ਅਜਿਹਾ ਕਰਨ ਲਈ ਉਹ ਮਾਪੇ ਹੀ ਮਜਬੂਰ ਹੁੰਦੇ ਹਨ। ਜਿਨ੍ਹਾਂ ਦੇ ਬੁਢੇਪੇ ਦਾ ਸਰਮ ਇਆਂ ਉਲਾਦ ਹੀ ਹੋਵੇ।......

ਉਸ ਵਕਤ ਇੰਦ ਕੌਰ ਦਾ ਮਨ ਕੀਤਾ ਸੀ, —ਸੁਖੇ ਦਿਆ ਭਾਈਆ, ਸ਼ਰਮ ਕਰ—ਇਹ ਕੀ ਕਰਨ ਲੱਗਾ। ਪਰ ਉਸ ਨੂੰ ਪਤਾ ਹੀ ਉਸ ਲਾਂ ਲੱਗਿਆ ਸੀ ਜਦ ਸੁਕੀ ਰੋਟੀ ਹੁਕਮਾ ਸੋਂ ਨੇ ਚੱਕ ਕੇ ਆਪਣੀ ਪਲੇਟ ਵਿਚ ਰੱਖ ਲਈ।

ਤਦ ਉਸ ਸੋਚਿਆ, ਚਲ, ਕਾਹਨੂੰ ਕੁਸ਼ ਕਹਿਣਾ ਜੇ ਉਸ ਨੇ ਹੁਣ ਗਲਤੀ ਕਰ ਲਈ ਤਾਂ।

"ਲਉ।" ਬਹੂ ਕਹਿਣ ਲੱਗੀ, "ਹੁਣ ਡੈਡੀ ਦੀ ਵਾਰੀ ਆ ਗਈ।"

"ਔਹ—ਦੇਖੋ ਕਿਨ੍ਹੀਆਂ ਪਈਆਂ— ।" ਉਸ ਨੇ ਰੋਟੀਆਂ ਵੱਲ ਨੂੰ ਇਸ਼ਾਰਾ ਕੀਤਾ, "ਤੁਸੀਂ ਖਾਉ ਤਾਂ ਸਹੀ—ਮੈਂ ਹੋਰ ਪੱਕਾ ਦਿੰਦੀ ਹਾਂ।"

"ਮਾਮ......ਆਈ ਡੋਂਟ ਲਾਈਕ ਰੋਟੀ......।" ਪੀਟਰ ਨੇ ਬੇਦਿਲੀ ਜਿਹੀ ਨਾਲ ਦਾਲ ਵਿਚ ਚਮਚਾ ਫੇਰਦਿਆਂ ਦੱਸਿਆ। ਉਸ ਦੇ ਮਨ ਵਿਚ ਸੀ ਹੁਣ ਮੰਮੀ ਕੁਝ ਕੁੱਕ (ਰਿੰਨਣ-ਪਕਾਉਣ) ਕਰਨ ਲੱਗੀ ਹੈ। ਉਹ ਆਖੇਗੀ, 'ਇੱਟਜ਼ ਆਲ ਰਾਈਟ ਹਨੀ—ਆਈ ਕੁੱਕ ਫ਼ਾਰ ਯੂ ਸਮਥਿੰਗ ਇੱਲਸ—ਲੀਵ ਇੱਟ।'

ਪਰ ਉਸਨੇ ਉਹਦੀ ਗੱਲ ਵੱਲ ਕੋਈ ਧਿਆਨ ਨਾ ਦਿੱਤਾ।

ਮੱਕੜੀ ਜਿਹੇ ਹੱਥ ਵਧਾ ਕੇ ਉਸਨੇ ਆਪਣੇ ਸੌਹਰੇ ਦੀ ਪਲੇਟ ਵਿਚੋਂ ਸੁਕੀ ਬੇਹੀ ਰੋਟੀ ਚੁੱਕ ਲਈ।

'ਇਹ ਮੈਂ ਗਾਰਬੇਜ਼ ਵਿਚ ਸੁਟ ਦਿੰਦੀ ਹਾਂ। ਤੁਸੀਂ ਇਥੋਂ ਹੋਰ ਰੋਟੀ ਲੈ ਲਉ।" ਉਸਨੇ ਰੋਟੀਆਂ ਦੇ ਛਾਬੇ ਵੱਲ ਇਸ਼ਾਰਾ ਕੀਤਾ।

ਇੰਦ ਕੌਰ ਦੇ ਹੌਲ ਪਿਆ।

"ਨਾ ਕੁੜੀਏ...ਐਵੇਂ ਨਾ ਮੂਰਖ-ਮਤੀ ਕਰੀਂ......ਲਿਆ ਮੈਂ ਖਾ ਲੈਂਦੀ ਹਾਂ। ਅੰਨ ਦੇਵਤਾ.. ਇਸੇ ਵੇਲੇ ਨੂੰ ਵੀ ਤੱਰਸੀਦਾ ਸੀ।" ਉਸ ਨੇ ਸੁਕੀ ਬੇਹੀ ਰੋਟੀ ਵੱਲ ਹੱਥ ਵਧਾਇਆ।

ਬਹੂ ਨੇ ਸੁਖਦੇਵ ਵੱਲ ਦੇਖਿਆ...ਉਸ ਨੇ ਬੈਠਣ ਦਾ ਇਸ਼ਾਰਾ ਕੀਤਾ।

ਉਹ ਬੈਠ ਗਈ। ਸੁਕੀ ਬੇਹੀ ਰੋਟੀ ਉਸ ਦੇ ਹੱਥ ਵਿਚ ਸੀ।

"ਤੁਸੀਂ ਕੋਈ ਨਾ ਖਾਉ.. ਲਿਆਉ-ਮੇਰੇ ਵੱਲ ਕਰੋ।" ਸੁਖਦੇਵ ਨੇ ਹੱਥ ਵੱਧਾ ਕੇ ਉਸ ਤੋਂ ਰੋਟੀ ਫੜ ਲਈ।

"ਤੁਹਾਨੂੰ ਪਤਾ......।" ਸੁਖਦੇਵ ਕਹਿਣ ਲੱਗਾ, "ਬੇਹੀ ਰੋਟੀ ਬੈਕਟੇਰੀਆ ਨਾਲ ਭਰਭੂਰ ਹੁੰਦੀ ਹੈ .. ਇਹ ਸੇਹਿਤ ਲਈ ਵੀ ਬਹੁਤ ਚੰਗੇ ਹੁੰਦੇ ਹਨ।"

"–ਤੇ ਡੈਡੀ ਹੁਣ ਸੇਹਿਤ ਬਣਾਉਣ ਲੱਗੇ ਹਨ।" ਉਸ ਦੀ ਛੋਟੀ ਕੁੜੀ ਨੇ ਚੋਟ ਕੀਤੀ।

ਉਹ ਸਾਰੇ ਹੀ ਹੱਸ ਪਏ।

"ਅਸੀਂ ਤਾਂ ਪੁਤਰ ਬੁਢੇ ਹੋ ਗਏ। ਸਾਥੋਂ ਹੁਣ ਕਿਥੇ ਚਿੱਥ ਹੋਣੀ ਹੈ।" ਉਸ ਨੇ ਵਿਅੰਗ ਨਾਲ ਉਤਰ ਦਿਤਾ ਅਤੇ ਆਪਣੇ ਨਰੋਏ ਦੰਦ ਦਿਖਾਲੇ ...ਜਿਨ੍ਹਾਂ ਨਾਲ ਉਹ ਬਾਸਾਂ ਵਰਗੇ ਕੱਰੜੇ ਗੰਨੇ ਪਾੜ ਸਿੱਟਦਾ ਹੁੰਦਾ ਸੀ।

ਉਸ ਨੇ ਗੱਲਾਂ ਕਰਦੇ ਹੋਏ ਸੁਕੀ ਬੇਹੀ ਰੋਟੀ ਪੀਟਰ ਦੀ ਪਲੇਟ ਵਿਚ ਰੱਖ ਦਿੱਤੀ ਅਤੇ ਉਸ ਦੀ ਤਾਜ਼ੀ ਰੋਟੀ......ਉਸ ਦੀ ਦਾਦੀ ਦੀ ਪਲੇਟ ਵਿਚ।

ਬੱਝਾ.. ਰੁੱਧਾ ਬੈਠਾ ਪੀਟਰ ਕੋਈ ਬਹਾਨਾ ਹੀ ਚਾਉਂਦਾ ਸੀ। ਉਸ ਨੇ ਇਸ ਤਰ੍ਹਾਂ ਕਰਨ 'ਤੇ ਆਪਣੀ ਹੱਤਕ ਮਹਿਸੂਸ ਕੀਤੀ ਅਤੇ ਗੁਸੇ ਨਾਲ ਅੰਗਰੇਜ਼ੀ ਵਿਚ ਗੁਸਤਾਖ ਲਫਜ਼ ਬੋਲਦਾ ਹੋਇਆ ਉੱਠ ਖੜਾ ਹੋਇਆ।

ਨਾਲ ਦੇ ਖਰੂਦੀ ਨਿਆਣੇ ਪਹਿਲਾਂ ਹੱਸ ਪਏ ਸੀ। ਫਿਰ ਉਸ ਦੇ ਗੁਸਤਾਖ ਬੋਲਣ 'ਤੇ ਚੁਪ ਹੋ ਗਏ।

ਹੁਣ ਉਹ ਬੱਚਾ ਨਹੀਂ ਰਿਹਾ ਸੀ। ਅਗਲੇ ਸਾਲ ਉਸ ਨੇ ਬਾਰਾਂ ਜਮਾਤਾਂ ਪੂਰੀਆਂ ਕਰ ਲੈਣੀਆਂ ਸਨ।

ਉਸ ਦੀ ਇਸ ਹਰਕੱਤ ਤੇ ਸੁਖਦੇਵ ਨੂੰ ਕਰੋਧ ਆ ਗਿਆ। ਪੀਟਰ ਦੀਆਂ ਕਈ ਆਦਤਾਂ ਉਸ ਨੂੰ ਪਹਿਲਾਂ ਵੀ ਪਸੰਦ ਨਹੀਂ ਸਨ ਉਹ ਵੀ ਕੋਈ ਜਿਵੇਂ ਬਹਾਨਾ ਹੀ ਚਾਹੁੰਦਾ ਸੀ। ਪੀਟਰ ਦੇ ਇਕ ਕਰਾਰਾ ਥੱਪੜ ਲਾਉਂਦਾ ਹੋਇਆ ਉਹ ਬੋਲਿਆ, "ਸਾਲਾ ਲੰਗੂਰ ਜਿਹਾ... ...ਬੈਠ ਐਥੇ... ...ਹੋਰ ਇਹ ਤੇਰੇ ਪਿਉ ਨੇ ਖਾਣੀ ਹੈ।"

ਉਹ ਆਪਣੀ ਕੁਰਸੀ 'ਤੇ ਬੈਠਕੇ, ਅੱਖਾਂ ਵਿਚ ਹੰਝੂ ਭਰੀ, ਉਸ ਰੋਟੀ ਦੀ ਬੁਰਕੀ ਤੋੜਨ ਲੱਗ ਪਿਆ।

"ਕਾਹਨੂੰ ਮਾਰਨਾ ਸੀ ...।" ਹੁਕਮਾ ਸੋਂ ਨੇ ਅਫਸੋਸ ਨਾਲ ਆਖਿਆ, "ਇਹ ਨਹੀਂ ਖਾਂਦੇ...ਨਾ ਸਹੀ...ਆਪਾਂ ਖਾ ਲੈਂਦੇ।"

"ਖਾਂਦੇ ਕਿਵੇਂ ਨਹੀਂ......।" ਸੁਖਦੇਵ ਨੇ ਉਸੇ ਰੌਂ ਵਿਚ ਜੁਆਬ ਦਿੱਤਾ, "ਦੇਸ ਵਾੜਦੇ ਹਾਂ ਇਨ੍ਹਾਂ ਨੂੰ..... ਦੇਖੀਂ ਸਿੱਧੇ ਹੁੰਦੇ।"

ਦੂਜੇ ਦਿਨ ਸਵੇਰ ਨੂੰ ਉਨ੍ਹਾਂ ਦੇਖਿਆ ਪੀਟਰ ਘਰ ਨਹੀ ਸੀ। ਸਕੂਲ ਵੀ ਨਹੀਂ ਸੀ।

ਬੁਢਾ-ਬੁਢੀ ਉਸ ਪ੍ਰਵਾਰ ਵਿਚ ਆਪਣੇ ਆਪ ਨੂੰ ਹੋਰ ਵੀ ਜ਼ਿਆਦਾ ਵਿਚਾਰੇ, ਬੇ-ਸਹਾਰੇ ਅਤੇ ਉਪਰੇ ਉਪਰੇ ਮਹਿਸੂਸ ਕਰਨ ਲੱਗ ਪਏ।


**THINKING OF TRAVEL?**
**WE CAN SAVE YOU MONEY, TIME AND TROUBLE**
**GROUPS – CHARTER – EXCURSION**
**PAY LATER**
**SPECIAL IMMIGRANT FARES AVAILABLE**

# GOYAL TRAVEL

**4160 FRASER STREET,**
**VANCOUVER 10, B.C.**
**PHONE: 872-7658**

**ASSOCIATE OFFICES:**
Opposite Nehru Garden, Jullundur City
Near Courts Moga (India) – Phone 2798
Near Courts Jagraon (India) – Phone 252
Bhagat Singh Chowk, Sadar Bazaar Barnala, (India). Phone 555

ਐਸੋਸੀਏਸ਼ਨ ਦੀ ਦੋ ਜੂਨ '79 ਦੀ ਇਕੱਤਰਤਾ ਵਿਚ ਕਨੇਡੀਅਨ ਕਵਿਤ੍ਰੀ ਨੈਲੀ ਮੈਕਲੰਗ (NELLIE McLUNG) ਨੇ ਹਿੱਸਾ ਲਿਆ। ਨੈਲੀ ਮੁਖ ਤੌਰ ਤੇ ਪਛੱਮੀ ਸਾਗਰ ਤਟ (west coast) ਦੀ ਕਵਿਤ੍ਰੀ ਹੈ। ਉਸ ਨੇ ਵੈਨਕੂਵਰ ਦੇ ਕਵੀਆਂ ਦੀ ਇਕ ਐਨਥਾਲੋਜੀ (POMEGRANATE) ਤੇ ਮੌਲਿਕ ਕਵਿਤਾ ਦੀ ਇਕ ਪੁਸਤਕ ਛਪ ਚੁਕੀਆਂ ਹਨ, ਅਤੇ ਕਵਿਤਾ ਦੀਆਂ ਦੋ ਹੋਰ ਪੁਸਤਕਾਂ ਛੇਤੀ ਹੀ ਛਪ ਕੇ ਬਾਹਰ ਆ ਰਹੀਆਂ ਹਨ। ਨੈਲੀ ਦੀ ਕਵਿਤਾ ਵਿਚ ਗਹਿਰੀ ਚੇਤੰਨਤਾ ਹੈ ਤੇ ਸਾਦਗੀ ਹੈ। ਅਜੋਕੀ ਮੀਟਿੰਗ ਦਾ ਜ਼ਿਆਦਾ ਸਮਾਂ ਨੈਲੀ ਨੂੰ ਹੀ ਦਿਤਾ ਗਿਆ।

ਨੈਲੀ ਨੇ ਪਹਿਲਾਂ ਕੈਨੇਡਾ ਵਿਚ ਸਾਹਿਤ ਛਾਪਣ ਵਾਲੇ ਛੋਟੇ ਪ੍ਰੈਸਾਂ ਬਾਰੇ ਵਿਸਥਾਰ ਨਾਲ ਦਸਿਆ ਤੇ ਫਿਰ ਕੈਨੇਡਾ ਵਿਚ ਛਪਦੇ ਸਾਹਿਤਕ ਪਰਚਿਆਂ ਬਾਰੇ। ਐਸੋਸੀਏਸ਼ਨ ਦੇ ਲੇਖਕਾਂ ਵਲੋਂ ਕੁਝ ਪ੍ਰਸ਼ਨ ਵੀ ਪੁੱਛੇ ਗਏ: ਬ੍ਰਿਟਿਸ਼ ਕੋਲੰਬੀਆ ਦੇ ਕਵੀਆਂ ਬਾਰੇ ਪੁੱਛੇ ਜਾਣ ਤੇ ਨੈਲੀ ਨੇ ਦਸਿਆ ਕਿ ਇਥੇ ਪ੍ਰਮੁਖ ਤੌਰ ਤੇ ਦੋ ਕਿਸਮ ਦੇ ਕਵੀ ਹਨ — ਇਕ ਅਕੈਡਮਿਕ ਕਿਸਮ ਦੇ ਜੋ ਅਕਸਰ ਯੂਨੀਵਰਸਿਟੀਆਂ ਨਾਲ ਸਬੰਧਤ ਹਨ — ਮਾਈਕਲ ਯੇਟਸ, ਬਾਵਰਿੰਗ, ਸ਼ਰੋਇਡਰ, ਆਈਵਿਸ ਫੁੱਕਰ, ਬ੍ਰਿੰਗਹਰਸਟ, ਜਾਰਜ ਮੈੱਕਵਰਟਰ, ਰਾਬਿਨ ਸਕੈਲਟਨ ਆਦਿ। ਅਰਲ ਬਰਨੀ ਵੀ, ਜਿਸ ਨੂੰ ਕਨੇਡਾ ਦੀ ਕਵਿਤਾ ਦਾ ਡੀਨ ਮੰਨਿਆ ਜਾਂਦਾ ਹੈ, ਵੈਨਕੂਵਰ ਵਿਚ ਹੀ ਪੈਦਾ ਹੋਇਆ ਸੀ, ਅੱਜ ਕੱਲ ਓਹ ਟੋਰਾਂਟੋ ਰਹਿ ਰਿਹਾ ਹੈ। ਉਸ ਨੇ ਯੂਨੀਵਰਸਿਟੀ ਆਫ ਬੀ.ਸੀ. ਵਿਚ ਕਰੀਏਟਿਵ ਰਾਈਟਿੰਗ ਵਿਭਾਗ ਸ਼ੁਰੂ ਕੀਤਾ ਸੀ। ਰਾਬਿਨ ਸਕੈਲਟਨ ਸ਼ਾਇਦ ਕੈਨੇਡਾ ਤੋਂ ਬਾਹਰ ਸਭ ਤੋਂ ਵਧ ਛਪਣ ਵਾਲਾ ਕਵੀ ਹੈ। ਦੂਜਾ ਗਰੁਪ ਉਨ੍ਹਾਂ ਕਵੀਆਂ ਦਾ ਹੈ ਜੋ ਕਿਸੇ ਸੰਸਥਾ ਜਾਂ ਯੂਨੀਵਰਸਿਟੀ ਨਾਲ ਸਬੰਧਤ ਨਹੀਂ — ਕੈਥੀ ਫੋਰਡ, ਚੱਕ ਜ਼ੰਦੋਲਾ, ਬਰਾਇਨ ਫਾਸੈੱਟ, ਕੈਰੋਲਿਨ ਜ਼ੋਨੈਲੋ, ਐਂਡਰਊ ਵਾਰਨੀ, ਮੋਨਾ ਫਰਟਿਗ ਤੇ ਵਿਕਟ੍ਰੀਤ ਕਰਾਸਨ ਆਦਿ। ਮੈਨੂੰ ਵੀ ਇਸ ਗਰੁਪ ਨਾਲ ਹੀ ਗਿਣ ਲੈਂਦੇ ਨੇ। ਇਸ ਗ੍ਰੁਪ ਦੀਆਂ ਰਚਨਾਵਾਂ ਧਰਤੀਆਂ ਪਛੱਮੀ ਸਾਗਰ ਤਟ ਦੀ ਮਿੱਟੀ ਵਿਚੋਂ ਹੀ ਜਨਮਦੀਆਂ ਹਨ। ਇਹ ਇਕ ਤਰ੍ਹਾਂ ਨਾਲ ਸਥਾਨਕ ਕਵੀਆਂ ਦਾ ਗ੍ਰੁਪ ਹੈ।

? ਇਨ੍ਹਾਂ ਦੋਹਾਂ ਗਰੁਪਾਂ ਤੋਂ ਬਿਨਾਂ ਹੋਰ ਵੀ ਸ਼ਾਇਰ ਹਨ — ਸੂਜ਼ਨ ਮਸਗ੍ਰੇਵ ਤੇ ਬਿੱਲ ਬਿੱਸਟ ਵਰਗੇ ਕਵੀ ਕਿਸ ਗਰੁਪ ਨਾਲ ਹਨ?

— ਕਿਸੇ ਨਾਲ ਵੀ ਨਹੀਂ। ਬਿੱਲ ਬਿੱਸਟ ਦੀ ਆਪਣੀ ਹੀ ਦੁਨੀਆ ਹੈ; ਅਜੋਗ ਦੀ ਦੁਨੀਆ ਤਾਂ ਹੀ ਤਾਂ ਉਸ ਨੂੰ one man civilization ਕਿਹਾ ਜਾਂਦਾ ਹੈ। ਕਵਿਤਰੀ ਸੂਜ਼ਨ ਦੀ ਕਵਿਤਾ ਵਿਚ ਸਿਧ ਜਾਦੂ ਹੈ। ਇਹ ਦੋਵੇਂ ਕਵੀ ਕੈਨੇਡਾ ਭਰ ਵਿਚ ਪ੍ਰਸਿੱਧ ਹਨ।

? ਦੋਹਾਂ ਗਰੁਪਾਂ ਦੇ ਆਪਸੀ ਸੰਬੰਧ ਕਿਸ ਤਰ੍ਹਾਂ ਦੇ ਹਨ?

— ਬਹੁਤ ਵਧੀਆ, ਕੋਈ ਝਗੜਾ ਨਹੀਂ। ਉਂਜ ਕਈ ਕਵਿਤ੍ਰੀਆਂ ਅਕੈਡਮਿਕ ਗਰੁਪ ਦੇ ਕਵੀਆਂ ਨੂੰ ਮਰਦ ਪ੍ਰਧਾਨ ਰੁਚੀ ਦੇ ਕਵੀ ਕਹਿੰਦੀਆਂ ਹਨ।

? ਦੋਹਾਂ ਗਰੁਪਾਂ ਦੇ ਕਵੀਆਂ ਦੀਆਂ ਰਚਨਾਵਾਂ ਵਿਚ ਕੋਈ ਵਿਸ਼ੇਸ਼ ਅੰਤਰ ਹੈ?

— ਅਕੈਡਮਿਕ ਗਰੁਪ ਦੇ ਕਵੀਆਂ ਦੇ ਵਿਸ਼ੇ ਅਕਸਰ ਯੂਨੀਵਰਸਲ ਹਨ, ਉਨ੍ਹਾਂ ਚੋਂ ਬਹੁਤੇ ਕਵੀ ਯੂਰਪ ਚੋਂ ਇਥੇ ਆਏ ਹਨ। ਦੂਜੇ ਗਰੁਪ ਦੇ ਬਹੁਤੇ ਕਵੀ ਬੀ.ਸੀ. ਦੇ ਜੰਮਪਲ ਹਨ ਤੇ ਉਨ੍ਹਾਂ ਦੀਆਂ ਰਚਨਾਵਾਂ ਵਿਚ ਸਥਾਨਕ ਰੰਗ ਪ੍ਰਧਾਨ ਹੈ।

? ਬ੍ਰਿਟਿਸ਼ ਕੋਲੰਬੀਆ ਦੀ ਕਵਿਤਾ ਦੇ ਸੁਭਾ ਬਾਰੇ ਕੁਝ ਹੋਰ ਦਸੋ।

— ਇਥੋਂ ਦੀ ਬਹੁਤੀ ਕਵਿਤਾ ਯਥਾਰਥਵਾਦੀ ਹੈ। — down to the earth, ਉਂਜ ਪਰਾਯਥਾਰਥਵਾਦੀ ਅਤੇ ਹੋਰ ਪ੍ਰਯੋਗਵਾਦੀ ਕਵਿਤਾ ਵੀ ਰਚੀ ਜਾ ਰਹੀ ਹੈ।

? ਇਥੇ ਸਿਆਸੀ ਕਵਿਤਾ ਵੀ ਰਚੀ ਜਾਂਦੀ ਹੈ?

— ਥੋੜ੍ਹੀ ਬਹੁਤ। ਬਰਾਇਨ ਫਾਸੈੱਟ ਮਾਰਕਸਵਾਦੀ ਕਵੀ ਹੈ। ਟੌਮ ਵੇਮਨ ਵੀ ਕਾਮਾ ਸ਼੍ਰੇਣੀ ਨਾਲ ਸੰਬੰਧਤ ਕਵਿਤਾ ਰਚਦਾ ਹੈ। ਮੈਂ ਆਪ ਵੀ ਮਾਰਕਸਵਾਦ ਤੋਂ ਪ੍ਰਭਾਵਿਤ ਹਾਂ।

? ਇਥੋਂ ਦੇ ਮਾਰਕਸਵਾਦੀ ਜਾਂ ਪ੍ਰਯੋਗਵਾਦੀ ਕਵੀ ਸਮਾਜਿਕ ਕ੍ਰਾਂਤੀ ਬਾਰੇ ਕਿੰਨੇ ਕੁ ਗੰਭੀਰ ਹਨ?

— ਬਹੁਤੇ ਨਹੀਂ, ਜ਼ਿਆਦਾ ਤਾਂ ਮਾਰਕਸਵਾਦ ਨਾਲ ਆਪਣੀ ਰਚਨਾ ਨੂੰ ਵਖਰਾ ਰੰਗ ਦੇਣ ਤੱਕ ਹੀ ਸ਼ਾਇਦ ਸੀਮਿਤ ਹਨ।

? ਉੱਤਰੀ ਅਮਰੀਕਾ ਦੀ ਕਵਿਤਾ ਦੇ ਸੰਦਰਭ ਵਿਚ ਬਿਟਨਿਕ ਵੈਰੋਧੀਆਂ ਦਾ ਕਿਥੇ ਕੁ ਸਥਾਨ ਹੈ?

— ਉੱਤਰੀ ਅਮਰੀਕਾ ਵਿਚ ਨਿਊਯਾਰਕ, ਸਾਨਫਰਾਂਸਿਸਕੋ, ਟੋਰਾਂਟੋ ਅਤੇ ਵੈਨਕੂਵਰ ਕਵਿਤਾ ਦੇ ਮੁਖ ਕੇਂਦਰ ਹਨ (ਜ਼ਰੂਰੀ ਨਹੀਂ ਸ਼ੈਲੀ ਦੀ ਇਸ ਗੱਲ ਨਾਲ ਸਾਰੇ ਸਹਿਮਤ ਹੋਣ)

? ਇਸ ਗੱਲ ਤੋਂ ਤਾਂ ਇਉਂ ਲਗਦੈ ਜਿਵੇਂ ਕੈਨੇਡਾ ਦੀ ਕਵਿਤਾ ਅਮਰੀਕਾ ਦੀ ਕਵਿਤਾ ਦੇ ਮੁਕਾਬਲੇ ਵਿਚ ਹੋਵੇ; ਪਰ ਜਦੋਂ ਅਸੀਂ ਇਥੇ ਕਵਿਤਾ ਪਾਠਾਂ ਵਿਚ (Poetry in our times ਨਾਂ ਹੇਠ ਹਾਲ ਹੀ ਵੈਨਕੂਵਰ ਵਿਚ Poetry Readings ਜਿਸ ਵਿਚ ਕਨੇਡੀਅਨ ਤੇ ਅਮਰੀਕਨ ਕਵੀ ਕਵਿਤਾਵਾਂ ਪੜ੍ਹਦੇ ਹਨ, ਸ਼ੁਰੂ ਹਰ ਵਾਰ ਇਕ ਹਜ਼ਾਰ ਤੋਂ ਵੱਧ ਲੋਕ ਹੁੰਦੇ ਹਨ) ਕਨੇਡੀਅਨ ਤੇ ਅਮਰੀਕਨ ਕਵੀਆਂ ਨੂੰ ਸੁਣਦੇ ਹਾਂ ਤਾਂ ਹੋਰ ਤਰ੍ਹਾਂ ਦਾ ਪ੍ਰਭਾਵ ਪੈਂਦਾ ਹੈ - ਫਰਲਿੰਗੈਟੀ ਤੇ ਰਾਬਰਟ ਡੰਕਨ ਵਰਗੇ ਸਥਾਪਿਤ ਅਮਰੀਕਨ ਕਵੀ ਸਟੇਜ ਤੇ ਇਸ ਤਰ੍ਹਾਂ ਕਵਿਤਾ ਪੜ੍ਹਦੇ ਹਨ ਜਿਵੇਂ ਉਹ ਕਨੇਡੀਅਨ ਲੇਖਕਾਂ ਨੂੰ ਸਾਹਿਤ ਦੇ ਖੇਤਰ ਵਿਚ ਜਿਵੇਂ ਬੱਚੇ ਸਮਝ ਰਹੇ ਹੋਣ।

— ਮੇਰੇ ਖਿਆਲ ਵਿਚ ਕਵਿਤਾ ਦੇ ਪੱਧਰ ਵਿਚ ਤਾਂ ਬਹੁਤਾ ਫਰਕ ਨਹੀਂ, ਪਰ ਅਮਰੀਕਨਾਂ ਨੂੰ ਜਿਸ ਤਰ੍ਹਾਂ ਹੋਰ ਹਰ ਖੇਤਰ ਵਿਚ 'ਵੱਡਾ ਵੱਡਾ' ਹੋਣ ਦਾ ਭੁਲੇਖਾ ਹੈ ਉਹ ਸਾਹਿਤ ਵਿਚ ਵੀ ਸ਼ਾਇਦ ਇਸ ਤਰ੍ਹਾਂ ਦਾ ਰਵੱਈਆ ਰਖਦੇ ਨੇ। ਇਸ ਵਿਚ ਸ਼ੱਕ ਨਹੀਂ ਕਿ ਕੈਨੇਡਾ ਦੇ ਵੱਡੇ ਕਵੀਆਂ ਨੂੰ ਵੀ ਅਮਰੀਕਾ ਵਿਚ ਘੱਟ ਵੱਧ ਹੀ ਜਾਣਿਆ ਜਾਂਦਾ ਹੈ।

ਇਨ੍ਹਾਂ ਤੋਂ ਇਲਾਵਾ ਹੋਰ ਵੀ ਕਈ ਗੱਲਾਂ 'ਤੇ ਵਿਚਾਰ ਵਟਾਂਦਰਾ ਹੋਇਆ। ਇਸ ਪਿੱਛੋਂ ਸ਼ੈਲੀ ਨੇ ਆਪਣੀਆਂ ਕਵਿਤਾਵਾਂ ਪੜ੍ਹੀਆਂ। ਐਸੋਸੀਏਸ਼ਨ ਦੇ ਕੁਝ ਮੈਂਬਰਾਂ ਨੇ ਵੀ ਕਵਿਤਾਵਾਂ ਪੜ੍ਹੀਆਂ। ਅਮਰਜੀਤ ਚਾਹਲ ਨੇ "ਦੂਰ ਦਾ ਰਿਸ਼ਤਾ" (A distant Relationship) ਕਵਿਤਾ ਪੰਜਾਬੀ ਤੇ ਅੰਗਰੇਜ਼ੀ ਵਿਚ ਅਨੁਵਾਦ ਕਰਕੇ ਪੜ੍ਹੀ। ਸਾਧੂ ਨੇ ਆਪਣੀ ਕਵਿਤਾ "ਰੋਡੀਸ਼ੀਆ" ਪੰਜਾਬੀ ਤੇ ਅੰਗਰੇਜ਼ੀ ਵਿਚ ਪੜ੍ਹੀ। ਅਜਮੇਰ ਰੋਡੇ ਨੇ "ਮੋਹ ਅਰਧ-ਮੋਹ ਤੇ ਨਿਰਮੋਹ" ਪੰਜਾਬੀ ਤੇ ਅੰਗਰੇਜ਼ੀ ਵਿਚ ਪੜ੍ਹੀ। (ਇਨ੍ਹਾਂ ਦੋਹਾਂ ਕਵਿਤਾਵਾਂ ਦੇ ਅੰਗਰੇਜ਼ੀ ਅਨੁਵਾਦ ਸੁਰਜੀਤ ਕਲਸੀ ਨੇ ਕੀਤੇ) ਸੁਖਵੰਤ ਹੁੰਦਲ, ਰਾਜ ਚੌਹਾਨ ਅਤੇ [illegible] ਨੇ ਵੀ ਮੀਟਿੰਗ ਵਿਚ ਭਾਗ ਲਿਆ। ਸਮੁਚੇ ਤੌਰ ਤੇ ਇਹ ਇਕੱਤਰਤਾ ਬਹੁਤ ਦਿਲਚਸਪ ਰਹੀ।

ਅਜਮੇਰ ਰੋਡੇ (ਪ੍ਰਧਾਨ)


ਵੈਨਕੂਵਰ ਵਿਚ ਨਵਾਂ ਪੰਜਾਬੀ ਨਾਟਕ:

**ਕਾਮਾਗਾਟਾਮਾਰੂ**

ਲੇਖਕ ਤੇ ਨਿਰਦੇਸ਼ਕ: ਅਜਮੇਰ ਰੋਡੇ

ਅਕਤੂਬਰ 1979 ਵਿਚ ਖੇਡਿਆ ਜਾ ਰਿਹਾ ਹੈ।

ਹੋਰ ਜਾਣਕਾਰੀ ਲਈ ਫੋਨ: 438-7793

# ਪ੍ਰਗਤੀਸ਼ੀਲ ਲਿਖਾਰੀ ਸਭਾ ਗ੍ਰੇਟ ਬ੍ਰਿਟੇਨ ਦੀ ਕੇਂਦਰੀ ਕਮੇਟੀ ਪ੍ਰੈਸ ਦੇ ਨਾਉਂ ਹੇਠ ਲਿਖਿਆ ਬਿਆਨ ਜਾਰੀ ਕਰਦੀ ਹੈ:-

'ਸਾਊਥਾਲ ਵਿਚ ਵਿਸ਼ਵ - ਪੰਜਾਬੀ ਸੰਮੇਲਨ' ਦੇ ਨਾਉਂ ਹੇਠ ਜਿਤਨੀ ਬਿਆਨਬਾਜ਼ੀ ਹੁਣ ਤੱਕ ਕੀਤੀ ਗਈ ਹੈ ਉਹ ਪ੍ਰਗਤੀਸ਼ੀਲ ਲਿਖਾਰੀ ਸਭਾ ਗ੍ਰੇਟ ਬ੍ਰਿਟੇਨ ਦੀ ਕੇਂਦਰੀ ਕਮੇਟੀ ਨਾਲ ਸਲਾਹ - ਮਸ਼ਵਰੇ ਤੋਂ ਬਗੈਰ ਕੀਤੀ ਹੈ। ਕੇਂਦਰੀ ਕਮੇਟੀ ਦੀ, ਕਿਸੇ ਵੀ ਮੀਟਿੰਗ ਵਿਚ ਅਜਿਹੇ ਪ੍ਰੋਗ੍ਰਾਮ ਦੀ ਅਜਿਹੀ ਹਮਾਇਤੀ ਰੂਪ ਰੇਖਾ ਨਹੀਂ ਪੜ੍ਹੀ ਗਈ। ਇਸ ਬੇ-ਬੁਨਿਆਦ, ਆਪ ਹੁਦਰੀ ਅਤੇ ਭੁਲੇਖਾ ਪਾਊ ਬਿਆਨਬਾਜ਼ੀ ਨਾਲ ਪ੍ਰਗਤੀਸ਼ੀਲ ਲਿਖਾਰੀ ਸਭਾ ਗ੍ਰੇਟ ਬ੍ਰਿਟੇਨ ਦਾ ਦੂਰ ਦਾ ਵੀ ਸਬੰਧ ਨਹੀਂ। ਕੇਂਦਰੀ ਕਮੇਟੀ ਭਾਰਤ ਜਾਂ ਬਾਹਰਲੇ ਦੇਸ਼ਾਂ ਤੋਂ ਪ੍ਰਗਤੀਸ਼ੀਲ ਲਿਖਾਰੀ ਸਭਾ ਗ੍ਰੇਟ ਬ੍ਰਿਟੇਨ ਦੀਆਂ ਸਾਰੀਆਂ ਬਰਾਂਚਾਂ ਜਾਂ ਕੇਂਦਰੀ ਕਮੇਟੀ ਦੇ ਵਿਸ਼ਵਾਸ਼ ਉਤੇ ਮੰਗਵਾਏ ਜਾਣ ਵਾਲੇ ਲਿਖਾਰੀਆਂ ਦੇ ਸਬੰਧ ਵਿਚ ਮਿਤੀ 5, 2, 78 ਨੂੰ 31 ST. GEORGE'S ROAD, COVENTRY ਵਿਖੇ ਹੋਈ ਮੀਟਿੰਗ ਵਿਚ ਹੇਠ ਲਿਖੇ ਫੈਸਲੇ ਲੈ ਚੁੱਕੀ ਹੈ। ਜਿਹੜੇ ਸਭਾ ਦੇ ਵਿਧਾਨ ਦੀ ਧਾਰਾ 4 (A) ਅਨੁਸਾਰ ਹਰ ਬ੍ਰਾਂਚ ਲਈ ਮੰਨਣੇ ਜ਼ਰੂਰੀ ਹਨ।

1. ਭਾਰਤ ਜਾਂ ਹੋਰ ਬਾਹਰਲੇ ਦੇਸ਼ਾਂ ਤੋਂ ਮੰਗਵਾਏ ਜਾਣ ਵਾਲੇ ਲੇਖਕਾਂ ਬਾਰੇ ਫੈਸਲੇ ਕੇਂਦਰੀ ਕਮੇਟੀ ਕਰੇਗੀ।
2. ਲੇਖਕਾਂ ਨੂੰ ਗਾਰੰਟੀ ਅਥਵਾ ਸੱਦਾ- ਪੱਤਰ ਕਮੇਟੀ ਵਲੋਂ ਹੀ ਭੇਜਿਆ ਜਾਵੇਗਾ।
3. ਲੇਖਕ ਦੇ ਹਵਾਈ ਟਿਕਟ ਜਾਂ ਉਸਦੇ ਹੋਰ ਖਰਚ ਦੀ ਜ਼ਿੰਮੇਵਾਰੀ ਸਭਾ ਨਹੀਂ ਲਵੇਗੀ।
4. ਜਦੋਂ ਲੇਖਕ ਇੰਗਲੈਂਡ ਆ ਜਾਵੇ ਤਾਂ ਉਸਦੀ ਰਿਹਾਇਸ਼ ਆਦਿ ਦਾ ਇੰਤਜ਼ਾਮ ਅਤੇ ਹੋਰ ਸਹਾਇਤਾ ਸਮਰੱਥਾ ਅਨੁਸਾਰ ਕੀਤੀ ਜਾਵੇਗੀ।
5. ਕੋਈ ਵੀ ਬ੍ਰਾਂਚ ਜਾਂ ਕੇਂਦਰੀ ਕਮੇਟੀ, ਸਭਾ ਦਾ ਨਾਉਂ ਵਰਤ ਕੇ ਉਸ ਵਾਸਤੇ ਪਬਲਿਕ ਪਾਸੋਂ ਪੈਸੇ ਇੱਕਠੇ ਨਹੀਂ ਕਰੇਗੀ।

ਉਪਰੋਕਤ ਫੈਸਲਿਆਂ ਦੇ ਆਧਾਰ ਉਤੇ ਗੁਰਨਾਮ ਢਿੱਲੋਂ, ਜਨਰਲ ਸਕੱਤਰ ਪ੍ਰਗਤੀਸ਼ੀਲ ਲਿਖਾਰੀ ਸਭਾ ਗ੍ਰੇਟ ਬ੍ਰਿਟੇਨ ਨੇ ਸਾਊਥਾਲ ਬ੍ਰਾਂਚ ਦੇ ਸਕੱਤਰ ਧੀਰ ਪਾਸੋਂ ਉਸ ਦੀ ਆਪਹੁਦਰੀ ਬਿਆਨਬਾਜ਼ੀ ਦਾ ਸਪਸ਼ਟੀਕਰਨ ਮੰਗਿਆ। ਅਸਲੀ ਹਕੀਕਤ ਦਾ ਜਵਾਬ ਦੇਣ ਦੀ ਥਾਂ ਉਸਨੇ ਕੇਂਦਰੀ ਕਮੇਟੀ ਉਤੇ ਝੂਠੇ ਅਤੇ ਬੇ-ਬੁਨਿਆਦ ਦੋਸ਼ ਲਾਉਣੇ ਸ਼ੁਰੂ ਕਰ ਦਿੱਤੇ ਅਤੇ ਵਿਸ਼ਵ ਪੰਜਾਬੀ ਸੰਮੇਲਨ ਬਾਰੇ ਕੇਂਦਰੀ ਕਮੇਟੀ ਦੀ ਹੰਗਾਮੀ ਮੀਟਿੰਗ ਬੁਲਾਉਣ ਦੀ ਮੰਗ ਕੀਤੀ।

ਪ੍ਰਗਤੀਸ਼ੀਲ ਲਿਖਾਰੀ ਸਭਾ ਗ੍ਰੇਟ - ਬ੍ਰਿਟੇਨ ਦੀ ਕੇਂਦਰੀ ਕਮੇਟੀ ਦੀ ਹੰਗਾਮੀ ਮੀਟਿੰਗ ਸਾਊਥਾਲ ਬ੍ਰਾਂਚ ਦੀ ਮੰਗ (ਵਿਸ਼ਵ - ਪੰਜਾਬੀ ਸੰਮੇਲਨ) ਅਨੁਸਾਰ 26 - 8 - 79 ਨੂੰ 21 OSBOURNE ROAD, WEST BROMWICH ਵਿਖੇ ਹੋਈ।

ਸਾਰੇ ਹਾਜ਼ਰ ਮੈਂਬਰਾਂ ਨੂੰ ਬੜੀ ਹੈਰਾਨੀ ਹੋਈ ਜਦੋਂ ਜਨਰਲ ਸਕੱਤਰ ਨੇ ਸਾਊਥਾਲ ਬ੍ਰਾਂਚ ਦੇ ਸਕੱਤਰ ਧੀਰ ਵਲੋਂ 20 ਅਗਸਤ 1979 ਦੀ ਲਿਖੀ ਚਿੱਠੀ ਕੇਂਦਰੀ ਕਮੇਟੀ ਦੇ ਦ੍ਰਿਸ਼ਟੀ ਗੋਚਰ ਕਰਾਂਦੀ ਕਿ ਸਾਊਥਾਲ ਬ੍ਰਾਂਚ ਅੱਜ ਤੋਂ ਕੇਂਦਰ ਨਾਲੋਂ ਆਪਣਾ ਰਿਸ਼ਤਾ ਤੋੜਦੀ ਹੈ।

ਇਸ ਚਿੱਠੀ ਉਤੇ ਵਿਚਾਰ ਕਰਕੇ ਕੇਂਦਰੀ ਕਮੇਟੀ ਪੂਰੇ ਵਿਸ਼ਵਾਸ ਨਾਲ ਮਹਿਸੂਸ ਕਰਦੀ ਹੈ ਕਿ ਸਾਊਥਾਲ ਬ੍ਰਾਂਚ ਦੇ ਆਮ ਇਮਾਨਦਾਰ ਅਤੇ ਵਫ਼ਾਦਾਰ ਮੈਂਬਰਾਂ ਨੂੰ ਧੀਰ ਅਤੇ ਸੈਣਿਆਂਵਲੀ (ਮੈਂਬਰ ਕੇਂਦਰੀ ਕਮੇਟੀ ਸਾਊਥਾਲ ਬ੍ਰਾਂਚ), ਨੇ ਗੁੰਮਰਾਹ ਕਰਕੇ ਇਸ ਪੜਾਅ ਤੇ ਲਿਆਂਦਾ ਹੈ।

ਕੇਂਦਰੀ ਕਮੇਟੀ ਦੀ ਸੋਚ ਅਨੁਸਾਰ ਅਵਤਾਰ ਸੈਣਿਆਂਵਲੀ ਨੇ ਲਗਾਤਾਰ ਕੇਂਦਰ ਦੇ ਫੈਸਲਿਆਂ ਦੀ ਸਾਊਥਾਲ ਬ੍ਰਾਂਚ ਨੂੰ ਤੋੜ - ਮਰੋੜ ਕੇ ਅਤੇ ਝੂਠੀ ਰੀਪੋਰਟਿੰਗ ਕੀਤੀ ਹੈ।

ਰਣਜੀਤ ਧੀਰ ਦੇ ਗੁਸਤਾਖ, ਅਸ਼ਲੀਲ ਅਤੇ ਅਨੁਸ਼ਾਸਨਹੀਣ ਵਤੀਰੇ ਨੇ ਵਿਸ਼ਵ ਪੰਜਾਬੀ ਸੰਮੇਲਨ ਦੇ ਪਰਦੇ ਹੇਠ ਕੇਂਦਰੀ ਕਮੇਟੀ ਵਿਰੁਧ ਇਸ ਬੇਸ਼ਰਮਤਾ ਮੁਹਿੰਮ ਨੂੰ [illegible] ਭੜਕਾਇਆ ਹੈ ਜਿਸ ਦੇ ਸਬੂਤ ਵਜੋਂ ਇਹਨਾਂ ਦੇ ਗੁਮਰਾਹਕੁਨ ਰਵੱਈਏ, ਸਿੱਧੀ ਕੇਂਦਰੀ ਕਮੇਟੀ ਦੀਆਂ ਵਿਰੋਧੀਆਂ ਕਾਰਵਾਈਆਂ ਅਤੇ ਖੱਤ - ਪੱਤਰ ਜਦੋਂ ਚਾਹੁਣ ਇਸ ਬ੍ਰਾਂਚ ਦੇ ਮੈਂਬਰ ਜਨਰਲ ਸਕੱਤਰ ਪਾਸੋਂ ਦੇਖ ਕੇ ਆਪਣੇ ਸ਼ੱਕ ਦੂਰ ਕਰ ਸਕਦੇ ਹਨ ਅਤੇ ਅਸਲੀਅਤ ਨੂੰ ਜਾਣ ਸਕਦੇ ਹਨ। ਕੇਂਦਰੀ ਕਮੇਟੀ ਸਮੂਹ ਮੈਂਬਰਾਂ, ਸਾਹਿਤ ਦੇ ਸਨੇਹੀਆਂ ਅਤੇ ਅਦਾਰਿਆਂ ਨੂੰ ਸੁਚੇਤ ਕਰਦੀ ਹੈ ਕਿ ਅੱਜ ਤੋਂ ਪ੍ਰਗਤੀਸ਼ੀਲ ਲਿਖਾਰੀ ਸਭਾ ਗ੍ਰੇਟ ਬ੍ਰਿਟੇਨ ਦੇ ਨਾਉਂ ਥੱਲੇ ਇਹਨਾਂ ਨਾਲ ਨਾਤਾ ਨਾ ਰੱਖਿਆ ਜਾਵੇ। ਕੇਂਦਰੀ ਕਮੇਟੀ ਸਾਊਥਾਲ ਬ੍ਰਾਂਚ ਦੇ ਆਮ ਮੈਂਬਰਾਂ ਨੂੰ ਅਪੀਲ ਕਰਦੀ ਹੈ ਕਿ ਉਹ ਉਪਰੋਕਤ ਵਿਅਕਤੀਆਂ ਦੀਆਂ ਦੁਫੇੜਪਾਊ ਚਾਲਾਂ ਅਤੇ ਮੈਲੀਆਂ ਸੋਚਾਂ ਤੋਂ ਸੁਚੇਤ ਰਹਿ ਕੇ ਕੋਈ ਠੋਸ ਕਦਮ ਉਠਾਉਣ।

ਗੁਰਨਾਮ ਢਿੱਲੋਂ
ਜਨਰਲ ਸਕੱਤਰ
ਪ੍ਰਗਤੀਸ਼ੀਲ ਲਿਖਾਰੀ ਸਭਾ
ਗ੍ਰੇਟ ਬ੍ਰਿਟੇਨ।

## ਇੰਗਲੈਂਡ ਵਸਦੇ ਪੰਜਾਬੀ ਲੇਖਕਾਂ ਦਾ ਖਾਸ ਅੰਕ

ਜਨਵਰੀ 1980 ਦਾ "ਵਤਨੋਂ ਦੂਰ" ਇੰਗਲੈਂਡ ਵਸਦੇ ਪੰਜਾਬੀ ਲੇਖਕਾਂ ਦਾ ਖਾਸ ਅੰਕ ਹੋਵੇਗਾ। ਇੰਗਲੈਂਡ ਵਸਣ ਵਾਲੇ ਸਾਰੇ ਲੇਖਕਾਂ ਨੂੰ ਬੇਨਤੀ ਹੈ ਕਿ ਉਹ ਆਪਣੀਆਂ ਅਣਛਪੀਆਂ ਰਚਨਾਵਾਂ ਅਕਤੂਬਰ 1979 ਦੇ ਅਖੀਰ ਤੱਕ ਸਾਨੂੰ ਅਪੜਦੀਆਂ ਕਰ ਦੇਣ ਤਾਂ ਕਿ ਉਹਨਾਂ ਨੂੰ ਸਮੇਂ ਸਿਰ ਕੰਪੋਜ਼ ਕਰਾਇਆ ਜਾ ਸਕੇ। ਰਚਨਾਵਾਂ ਸਾਡੇ ਇੰਗਲੈਂਡ ਦੇ ਨੁਮਾਇੰਦੇ ਜਸਬੀਰ ਬਾਠ ਹੋਰਾਂ ਕੋਲ ਵੀ ਪਹੁੰਚਾਈਆਂ ਜਾ ਸਕਦੀਆਂ ਹਨ ਜਾਂ ਸਿੱਧੀਆਂ "ਵਤਨੋਂ ਦੂਰ" ਦੇ ਪਤੇ ਤੇ ਭੇਜੀਆਂ ਜਾ ਸਕਦੀਆਂ ਹਨ।
ਜਸਬੀਰ ਬਾਠ ਦਾ ਪਤਾ: JASBIR BATH / 19 SUMMER TREE AVE / GREASBY, WIRRAL / LIVERPOOL / ENGLAND

## PAUL'S PLUMBING & ELECTRICAL SUPPLY

**PLUMBING & BATHROOM FIXTURES & SUPPLIES**
**HOT WATER TANKS**
**HOT WATER HEATING & SUPPLIES**





ਖੁਸ਼ਖਬਰੀ! ਤੁਹਾਡੀ ਸਹੂਲਤ ਲਈ ਪਲੰਬਿੰਗ, ਹੀਟਿੰਗ ਤੇ ਬਿਜਲੀ ਦੇ ਸਮਾਨ ਦਾ ਸਟੋਰ ਆਪਣੇ ਭਾਈ ਉਮ ਪਾਲ ਵਲੋਂ 32 ਐਵਨਿਊ ਲਾਗੇ 4774 ਮੇਨ ਸਟਰੀਟ ਤੇ ਸੱਤੇ ਦਿਨ ਖੁੱਲਾ ਰਹਿੰਦਾ ਹੈ।

ਸਾਡੇ ਕੋਲ ਆਵੋ, ਪੰਜਾਬੀ 'ਚ ਗੱਲ ਬਾਤ ਕਰੋ। ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਫੋਨ ਕਰੋ।

**872 3118**

**English-Punjab-Hindi Spoken**
**4774 Main St (at 32nd)**
**Vancouver • 872-3118**
**Open Sunday — Parking at rear.**

## ਅਮਬੀਕਾ ਫੂਡਜ਼

ਵਧੀਆ ਤੇ ਸਸਤੀ ਗਰੌਸਰੀ ਲੈਣ ਲਈ
ਸਾਡੇ ਸਟੋਰ ਵਿਚ ਦਰਸ਼ਨ ਦਿਓ।

**Largest of it's kind in North America**

ਦੂਸਰਿਆ ਦੀ ਸੇਲ ਪ੍ਰਾਈਸ
ਸਾਡੀ ਰੈਗੁਲਰ ਪ੍ਰਾਈਸ ਹੁੰਦੀ ਹੈ।

**British Columbia's Finest Indian Grocery Store**

# 327-0295

5125 VICTORIA
DRIVE VANCOUVER

# VICON MEDIC PHARMACY

ਵਾਈਕਾਨ ਫਾਰਮੇਸੀ ਤੁਹਾਡੀ ਸਹੂਲਤ ਲਈ 6407 MAIN ST. ਤੇ ਖੁੱਲ ਗਿਆ ਹੈ। ਇਥੇ ਤੁਸੀਂ ਦਵਾਈਆਂ ਅਤੇ ਹੋਰ ਲੋੜੀਂਦਾ ਸਮਾਨ ਬਹੁਤ ਹੀ ਸਸਤੀਆਂ ਕੀਮਤਾਂ ਤੇ ਖਰੀਦ ਸਕਦੇ ਹੋ। ਖੁਦ ਆਓ ਤੇ ਅਜ਼ਮਾ ਕੇ ਵੇਖੋ।

**TEL: 324-3177**

**KENNY K. H. NG** B.Sc. (PHARM.) R.P.E.B.C.

**PAUL C. Y. FU** B.Sc. (PHARM.) R.P.E.B.C.

**6407 MAIN ST.**
**VANCOUVER, B.C. V5W 2V5**

**Seaboard Life**

Have you really considered the career potential that the Life Insurance industry offers?

Did you know that we finance your training?

Do you realize how much care is taken to establish your aptitude for our business before we even offer you a contract?

If you have ambition, drive, integrity and an inquiring mind, we at Seaboard Life will be happy to talk to you.

Call:

JAGJIT S. SIDHU, M.A.
Assistant Branch Manager.

Bus. 273-2961
Res. 324-2493

Suite 202 - 4640 No. 3 Road, Richmond, B.C. V6X 2C2

# Super Saver Grocery Store
# 6236 Fraser Street, Vancouver

ਹਰ ਇਕ ਕਿਸਮ ਦੀ ਗਰਾਸਰੀ
ਜਿਵੇਂ ਕਿ : ਵਧੀਆ ਦਾਲਾਂ, ਚਾਵਲ,
ਮਸਾਲੇ, ਆਚਾਰ, ਮੁਰਬੇ, ਚਟਨੀਆਂ, ਪਾਪੜ,
ਪਿਸਤਾ, ਕਾਜੂ, ਸਬਜ਼ੀਆਂ, ਨਮਕੀਨ ਤੇ ਸੈਂਕੜੇ
ਹੋਰ ਚੀਜ਼ਾਂ. ਘਟ ਕੀਮਤ ਤੇ ਲੈਣ ਲਈ ਹਮੇਸ਼ਾ
ਯਾਦ ਰਖੋ! ਵਿਆਹਾਂ ਸ਼ਾਦੀਆਂ. ਅਖੰਡ ਪਾਠਾਂ ਧਾਰਮਿਕ ਕਾਰਜਾਂ
ਲਈ ਖਾਸ ਰਿਆਇਤ।
ਵੈਨਕੂਵਰ ਤੋਂ ਬਾਹਰ ਸਮਾਨ ਭੇਜਣ ਦਾ ਖਾਸ ਪ੍ਰਬੰਧ ਹੈ।

FRESH FRUITS
VEGETABLES



PAL

**STAINLESS STEEL UTENSILS. 10 % off**

*Time: 9 a.m.-9 p.m. Seven days a week.*

**Tel. Bus. 324-1838,**
**Res. 278-5802**

---

# Tandori Hut

— LICENSED —

Specializing in **CATERING**

- Indian Sweets and Canadian Food
- to weddings and small home parties and banquets
- Bar service available

Open 7 Days a Week

INDIA'S FAMOUS TANDOORIE CHICKEN

LUNCH AND DINNER 11 a.m. to 11 P.M.

**7271 Main St., Vancouver PHONE: 325-5014**

# LOYAL FURNITURE LTD.

## Offers Best Prices in Town

**On All Kinds of Household Furniture, Appliances & Carpets**

## *Loyal, Your Family Store— Home Of The Price Cutter!*

We Set The Trend— Others Copy!

6 Pce. Bedroom Ste.
Including Double Size
RESTONIC Bed





**$299.00**
Night Table Extra $36.00




**SANYO**
26" Color T.V.
***Full 3 Yr. Warranty***
- Parts • Labour
- Picture Tube


Sanyo makes life's good things better...



3 Pce. Sofa Set
100% Nylon, High Back, Colonial Style **$629.00**

### *Back To School Special*

Single Pedestal Student's Desk



Only **$69.00**
20"x40"x30"



7 Pce. Kitchen Set
Only **$179.00**



Lloyds 4 Pce. Stereo Set
**$299.00**

**"Bring in any furniture ad to us and we'll provide similar merchandise - at a lower price - we guarantee it!"**

*We Carry Complete Line Of Appliances, T.V.'s, Stereos & Carpets*

LF LOYAL FURNITURE LTD. VISA

2707 MAIN STREET, VANCOUVER, B.C. V5T 3E9
• TELEPHONE: 879-8319


ਪੰਜਾਬੀ ਦਾ ਸਾਹਿੱਤਕ ਤੇ ਸੱਭਿਆਚਾਰਕ ਮਾਸਕ-ਪੱਤਰ
**WATNO DUR**
P.O. BOX 67681 STN. "O"
VANCOUVER, B.C. V5W 3V2
Second class mail Reg. No. 3233

# FRONTIER CLOTH HOUSE LTD.

## 6695 MAIN STREET VANCOUVER, B.C.

## THE KING OF SAREE

**Tel.: 325-3515**




**Tel.: 325-4424**

## New Arrivals

### JAPANESE

*Well Known Brands*
Printed & Plain Sarees
Tetrex, Toyo Rayon
Lady Hamilton
Rubby Queen
Kanebo
Teijin
Asahikasei
Lodestar
A-Tell Chiffon, etc.
FAIR LADY




# FRONTIER

## New Arrivals

### INDIAN

Embroidery Chiffon
Printed Georgette
Mysore Silk
Surat Silk
Binaras Silk
Bengal Silk
Special Bridal Sarees
Kameez, Kurta, Fabrics
Blouse & Dress Materials
Suiting in Latest Designs
Dupatta, Chunni etc.

## THE FASHION CREATORS

**Drapes Material—Jewellery—Bed Spread— Quilts—Blankets.**

WATNO DUR (Far from the Motherland) is a literary and cultural monthly of PANJABI language – the mother-tongue of East Panjab (India) and West Panjab (Pakistan) – published by WATNO DUR PUBLICATIONS (Reg'd). WATNO DUR has been serving Canadian readers since July, 1973. The contributors include well-known Panjabi writers from Canada, India, Pakistan and England.

**WATNO DUR**
P.O. BOX 67681 STN. "O"
VANCOUVER, B.C.
V5W 3V2